## ਅਧਿਆਇ 19

# ਸਦੂਮ ਅਤੇ ਅਮੂਰਾਹ ਦਾ ਵਿਨਾਸ

ਸਦੂਮ ਅਤੇ ਅਮੂਰਾਹ ਲਈ ਅਬਰਾਹਾਮ ਦੀ ਵਿਚੋਲਗੀ ਦੇ ਬਾਵਜੂਦ (18:23-33) ਇਨ੍ਹਾਂ ਦੁਸ਼ਟ ਨਗਰਾਂ ਦਾ ਵਿਨਾਸ ਨਿਰਧਾਰਿਤ ਸੀ ਕਿਉਂਕਿ ਉਹ ਆਪਣੇ ਦੁਸ਼ਟ ਕੰਮਾਂ ਨੂੰ ਛੱਡਣ ਲਈ ਤਿਆਰ ਨਹੀਂ ਸਨ। ਇਸ ਅਧਿਆਇ ਵਿੱਚ ਉਨ੍ਹਾਂ ਦੇ ਘੋਰ ਅਪਰਾਧ ਨੂੰ ਦਰਸਾਇਆ ਗਿਆ ਹੈ (19:1-11)। ਲੂਤ ਦੇ ਬਚਾਉ ਵਿੱਚ ਪਰਮੇਸ਼ੁਰ ਦੀ ਦਯਾ ਨੂੰ ਵੇਖਿਆ ਜਾ ਸਕਦਾ ਹੈ (19:12-22), ਜਦਕਿ ਉਸ ਦੇ ਇਨਸਾਫ ਨੂੰ ਸਦੂਮ ਅਤੇ ਅਮੂਰਾਹ ਦੇ ਵਿਨਾਸ ਵਿੱਚ ਵੇਖਿਆ ਜਾ ਸਕਦਾ ਹੈ (19:23-29)। ਇਸ ਅਧਿਆਇ ਦਾ ਅੰਤ ਲੂਤ ਅਤੇ ਉਸ ਦੀਆਂ ਧੀਆਂ ਵਿਚਕਾਰ ਜਿਨਸੀ ਸੰਬੰਧਾਂ ਦੇ ਨਾਲ ਹੁੰਦਾ ਹੈ, ਜਿੱਥੋਂ ਮੋਆਬ ਅਤੇ ਅੰਮੋਨ ਦੇ ਮੂਲ ਦਾ ਪਤਾ ਚਲਦਾ ਹੈ (19:30-38)। ਬਾਅਦ ਵਿੱਚ ਇਹ ਜਾਤੀਆਂ ਇਸਰਾਏਲ ਦੀ ਪੂਰਬੀ ਸਰਹੱਦ ਨਾਲ ਵੱਸ ਗਈਆਂ ਸਨ।

## ਲੋਕਾਂ ਦੀ ਦੁਸ਼ਟਤਾ ਦਾ ਪ੍ਰਦਰਸ਼ਣ (19:1–11)

**1ਉਪਰੰਤ ਦੋ ਦੂਤ ਸ਼ਾਮ ਨੂੰ ਸਦੂਮ ਨੂੰ ਆਏ ਅਤੇ ਲੂਤ ਸਦੂਮ ਦੀ ਡੇਉੜ੍ਹੀ ਵਿੱਚ ਬੈਠਾ
ਹੋਇਆ ਸੀ ਅਤੇ ਲੂਤ ਉਨ੍ਹਾਂ ਨੂੰ ਵੇਖਕੇ ਮਿਲਣ ਲਈ ਉੱਠਿਆ ਅਤੇ ਉਹ ਨੇ ਆਪਣਾ ਮੂੰਹ ਧਰਤੀ
ਤੀਕ ਝੁਕਾਇਆ। 2ਉਸ ਨੇ ਆਖਿਆ ਵੇਖੋ ਮੇਰੇ ਪ੍ਰਭੂਓ ਤੁਸੀਂ ਆਪਣੇ ਦਾਸ ਦੇ ਘਰ ਵੱਲ ਮੁੜੋ
ਅਰ ਰਾਤ ਠਹਿਰੋ ਅਰ ਆਪਣੇ ਚਰਨ ਧੋਵੋ ਅਰ ਫੇਰ ਤੁਸੀਂ ਤੜਕੇ ਉੱਠਕੇ ਆਪਣੇ ਰਾਹ ਪੈ
ਜਾਣਾ ਪਰ ਉਨ੍ਹਾਂ ਨੇ ਆਖਿਆ, ਨਹੀਂ ਅਸੀਂ ਚੌਂਕ ਵਿੱਚ ਰਾਤ ਕਟਾਂਗੇ। 3ਜਾਂ ਉਹ ਉਨ੍ਹਾਂ ਦੇ ਬਹੁਤ
ਹੀ ਖਹਿੜੇ ਪਿਆ ਤਾਂ ਓਹ ਉਸ ਵੱਲ ਮੁੜਕੇ ਉਹ ਦੇ ਘਰ ਗਏ ਅਰ ਉਸ ਨੇ ਉਨ੍ਹਾਂ ਦੀ
ਮਿਹਮਾਨੀ ਕੀਤੀ ਅਤੇ ਪਤੀਰੀ ਰੋਟੀ ਪਕਾਈ ਤਾਂ ਉਨ੍ਹਾਂ ਨੇ ਖਾਧੀ। 4ਪਰ ਉਨ੍ਹਾਂ ਦੇ ਲੰਮੇ ਪੈਣ ਤੋਂ
ਪਹਿਲਾਂ ਸਦੂਮ ਨਗਰ ਦੇ ਮਨੁੱਖਾਂ ਨੇ ਕੀ ਗਭਰੂ ਕੀ ਬੁੱਢਾ ਸਭ ਪਾਸਿਓਂ ਉਸ ਘਰ ਨੂੰ ਘੇਰ
ਲਿਆ। 5ਅਤੇ ਉਨ੍ਹਾਂ ਨੇ ਲੂਤ ਨੂੰ ਹਾਕ ਮਾਰਕੇ ਆਖਿਆ ਕਿ ਓਹ ਮਨੁੱਖ ਕਿੱਥੇ ਹਨ ਜੋ ਅੱਜ ਰਾਤ
ਤੇਰੇ ਕੋਲ ਆਏ ਹਨ? ਉਨ੍ਹਾਂ ਨੂੰ ਸਾਡੇ ਕੋਲ ਬਾਹਰ ਲਿਆ ਤਾਂਜੋ ਅਸੀਂ ਉਨ੍ਹਾਂ ਨੂੰ ਜਾਣੀਏ। 6ਤਦ
ਲੂਤ ਉਨ੍ਹਾਂ ਦੇ ਕੋਲ ਡੇਉੜ੍ਹੀ ਵਿੱਚੋਂ ਬਾਹਰ ਗਿਆ ਅਰ ਬੂਹਾ ਆਪਣੇ ਪਿੱਛੇ ਭੇੜ ਲਿਆ। 7ਤਾਂ ਉਸ
ਨੇ ਆਖਿਆ ਮੇਰੇ ਭਰਾਵੋ ਇਹ ਬੁਰਿਆਈ ਨਾ ਕਰੋ। 8ਵੇਖੋ ਮੇਰੀਆਂ ਦੋ ਧੀਆਂ ਹਨ ਜਿਨ੍ਹਾਂ ਨੇ
ਮਨੁੱਖ ਨੂੰ ਨਹੀਂ ਜਾਣਿਆ ਹੈ। ਮੈਂ ਉਨ੍ਹਾਂ ਨੂੰ ਤੁਹਾਡੇ ਕੋਲ ਲੈ ਆਉਂਦਾ ਹਾਂ ਤਾਂ ਉਨ੍ਹਾਂ ਨਾਲ ਜਿਵੇਂ
ਤੁਹਾਡੀ ਨਿਗਾਹ ਵਿੱਚ ਚੰਗਾ ਹੋਵੇ ਤਿਵੇਂ ਹੀ ਕਰੋ ਪਰ ਇਨ੍ਹਾਂ ਮਨੁੱਖਾਂ ਨਾਲ ਕੁਝ ਨਾ ਕਰੋ ਕਿਉਂਜੋ
ਓਹ ਮੇਰੀ ਛੱਤ ਛਾਏ ਆਏ ਹਨ। 9ਪਰ ਉਨ੍ਹਾਂ ਨੇ ਆਖਿਆ, ਪਿਛਾਹਾਂ ਹੱਟ ਜਾਹ ਅਤੇ ਉਨ੍ਹਾਂ ਨੇ
ਏਹ ਵੀ ਆਖਿਆ ਏਹ ਵੱਸਣ ਲਈ ਆਇਆ ਸੀ ਹੁਣ ਨਿਆਈ ਬਣ ਬੈਠਾ ਹੈ। ਅਸੀਂ ਤੇਰੇ ਨਾਲ
ਉਨ੍ਹਾਂ ਨਾਲੋਂ ਵੱਧ ਬੁਰਿਆਈ ਕਰਾਂਗੇ। ਫੇਰ ਉਨ੍ਹਾਂ ਨੇ ਉਸ ਮਨੁੱਖ ਲੂਤ ਨੂੰ ਬਹੁਤ ਤੰਗ ਕੀਤਾ ਅਰ
ਬੂਹੇ ਭੰਨਣ ਲਈ ਨੇੜੇ ਢੁੱਕੇ। 10ਤਾਂ ਉਨ੍ਹਾਂ ਮਨੁੱਖਾਂ ਨੇ ਹੱਥ ਬਾਹਰ ਕੱਢਕੇ ਲੂਤ ਨੂੰ ਆਪਣੇ ਕੋਲ
ਘਰ ਵਿੱਚ ਖਿੱਚ ਲਿਆ ਅਰ ਬੂਹਾ ਭੇੜ ਲਿਆ। 11ਜਿਹੜੇ ਮਨੁੱਖ ਬੂਹੇ ਦੇ ਅੱਗੇ ਸਨ ਉਨ੍ਹਾਂ ਨੇ**

**ਉਨ੍ਹਾਂ ਨੂੰ ਕੀ ਛੋਟਾ ਕੀ ਵੱਡਾ ਅੰਨ੍ਹੇ ਕਰ ਦਿੱਤਾ ਐਥੋਂ ਤੀਕ ਕਿ ਓਹ ਬੂਹਾ ਲੱਭਦੇ ਲੱਭਦੇ ਥੱਕ ਗਏ।**

**ਆਇਤ 1.** ਮੂਲਪਾਠ ਦੱਸਦਾ ਹੈ ਕਿ **ਦੋ ਦੂਤ ਸ਼ਾਮ ਨੂੰ ਸਦੂਮ ਨੂੰ ਆਏ**। ਜਿਸ ਸ਼ਬਦ ਦਾ ਅਨੁਵਾਦ "ਦੂਤ" (מַלְאָכִים, *ਮਾਲਾਕੀਮ*) ਕੀਤਾ ਗਿਆ ਹੈ, ਉਸ ਦਾ ਸ਼ਾਬਦਿਕ ਅਰਥ ਹੈ "ਸੰਦੇਸ਼ਵਾਹਕ।" ਜਦਕਿ ਇਹ ਸ਼ਬਦ ਮਨੁੱਖੀ ਜਾਂ ਸੁਰਗੀ ਕਿਸੇ ਵੀ ਸੰਦੇਸ਼ਵਾਹਕ ਦਾ ਹਵਾਲਾ ਦੇ ਸਕਦਾ ਹੈ, ਤਾਂ ਵੀ ਇੱਥੇ ਇਹ ਉਹੀ ਸੁਰਗੀ ਪ੍ਰਾਣੀ ਸਨ ਜਿਹੜੇ ਪਿਛਲੇ ਅਧਿਆਇ ਵਿੱਚ ਯਹੋਵਾਹ ਦੇ ਨਾਲ ਆਏ ਸਨ। ਇਸ ਬਿਰਤਾਂਤ ਦੇ ਅਗਾਂਹ ਵਧਦਿਆਂ ਇਹ ਪਛਾਣ ਵੀ ਸਪੱਸ਼ਟ ਹੁੰਦੀ ਜਾਂਦੀ ਹੈ (ਵੇਖੋ 19:10, 11)।

ਲੇਖਕ ਇਹ ਸਪੱਸ਼ਟ ਨਹੀਂ ਕਰਦਾ ਕਿ ਇਹ ਸ਼ਾਮ ਉਸੇ ਦਿਨ ਦੀ ਸੀ ਜਿਸ ਦਿਨ ਅਧਿਆਇ 18 ਦੀਆਂ ਘਟਨਾਵਾਂ ਘਟੀਆਂ ਸਨ ਜਾਂ ਫਿਰ ਉਹ ਅਗਲੇ ਦਿਨ ਸ਼ਾਮ ਨੂੰ ਸਦੂਮ ਪੁੱਜੇ ਸਨ। ਜੇਕਰ ਇਹ ਉਸੇ ਦਿਨ ਦੀ ਸ਼ਾਮ ਸੀ ਅਤੇ ਸਦੂਮ ਖਾਰੇ ਸਾਗਰ ਦੇ ਉੱਤਰੀ ਸਿਰੇ 'ਤੇ ਸੀ, ਤਾਂ ਫਿਰ ਮਮਰੇ (ਜਾਂ ਹਬਰੋਨ) ਤੋਂ ਸਦੂਮ ਦੀ ਦੂਰੀ ਲਗਭਗ ਵੀਹ ਕੁ ਮੀਲ ਰਹੀ ਹੋਵੇਗੀ। ਜੇਕਰ ਸਦੂਮ ਖਾਰੇ ਸਾਗਰ ਦੇ ਦੱਖਣੀ ਸਿਰੇ 'ਤੇ ਸੀ, ਤਾਂ ਫਿਰ ਅਬਰਾਹਾਮ ਦੇ ਪ੍ਰਾਹੁਣਿਆਂ ਨੂੰ ਉਨ੍ਹਾਂ ਦੀ ਮੰਜ਼ਿਲ ਤੱਕ ਪੁੱਜਣ ਲਈ ਘੱਟੋ-ਘੱਟ ਚਾਲੀ ਮੀਲ ਦਾ ਸਫਰ ਕਰਨਾ ਪਿਆ ਹੋਵੇਗਾ। ਸਧਾਰਨ ਮਨੁੱਖ ਦੁਪਹਿਰ ਵੇਲੇ ਅਰੰਭ ਕਰਕੇ ਸ਼ਾਮ ਤੱਕ ਵੀਹ ਮੀਲ ਦੀ ਪੈਦਲ ਯਾਤਰਾ ਪੂਰੀ ਨਹੀਂ ਕਰ ਸਕਦੇ, ਤਾਂ ਫਿਰ ਚਾਲੀ ਮੀਲ ਤਾਂ ਕਿੱਥੋਂ ਹੀ ਪੂਰੀ ਕਰਨਗੇ। ਦੂਰੀ ਭਾਵੇਂ ਜਿੰਨੀ ਵੀ ਰਹੀ ਹੋਵੇ, ਜੇਕਰ ਉਹ ਪਿਛਲੇ ਅਧਿਆਇ ਦੀਆਂ ਘਟਨਾਵਾਂ ਵਾਲੇ ਦਿਨ ਦੀ ਸ਼ਾਮ ਨੂੰ ਹੀ ਪੁੱਜ ਗਏ ਸਨ, ਤਾਂ ਫਿਰ ਜਿਸ ਰਫਤਾਰ ਨਾਲ ਇਨ੍ਹਾਂ ਸੰਦੇਸ਼ਵਾਹਕਾਂ ਨੇ ਸਫਰ ਤੈਅ ਕੀਤਾ ਸੀ ਉਹ ਉਨ੍ਹਾਂ ਦੇ ਸੁਰਗੀ ਪ੍ਰਾਣੀ ਹੋਣ ਦੇ ਵਿਚਾਰ ਦੀ ਪੁਸ਼ਟੀ ਕਰਦੀ ਹੈ।

ਸ਼ਾਮ ਨੂੰ ਜਦ ਦੂਤ ਉੱਥੇ ਪੁੱਜੇ ਤਾਂ ਉਨ੍ਹਾਂ ਨੇ ਵੇਖਿਆ ਕਿ **ਲੂਤ ਸਦੂਮ ਦੀ ਡੇਉੜ੍ਹੀ ਵਿੱਚ ਬੈਠਾ ਹੋਇਆ ਸੀ**। ਇਹ ਦ੍ਰਿਸ਼ ਪਿਛਲੇ ਦ੍ਰਿਸ਼ ਦੇ ਉਲਟ ਹੈ ਜਿਸ ਵਿੱਚ ਅਬਰਾਹਾਮ ਦੂਤਾਂ ਦੇ ਪੁੱਜਣ ਵੇਲੇ "ਆਪਣੇ ਤੰਬੂ ਦੇ ਬੂਹੇ ਵਿੱਚ" ਬੈਠਾ ਹੋਇਆ ਸੀ (18:1)। ਇਹ ਸ਼ਬਦਾਵਲੀ ਪਾਠਕ ਨੂੰ ਚੇਤੇ ਕਰਾਉਂਦੀ ਹੈ ਕਿ ਲੂਤ ਨੇ ਆਪਣੀ ਚਰਵਾਹੇ ਦੀ ਘੁਮੱਕੜ ਜ਼ਿੰਦਗੀ ਛੱਡ ਕੇ ਸ਼ਹਿਰੀ ਜੀਵਨਸ਼ੈਲੀ ਅਪਨਾ ਲਈ ਸੀ। ਅਬਰਾਹਾਮ ਤੋਂ ਵੱਖਰਾ ਹੋਣ ਤੋਂ ਬਾਅਦ ਉਸ ਨੇ "ਸਦੂਮ ਕੋਲ ਆਪਣਾ ਤੰਬੂ ਲਾਇਆ" ਸੀ (13:12)। ਕੁਝ ਸਮੇਂ ਬਾਅਦ ਆਖਿਆ ਗਿਆ ਹੈ ਕਿ ਲੂਤ "ਸਦੂਮ ਵਿੱਚ ਵੱਸਦਾ ਸੀ" (14:12) ਜਿੱਥੇ ਉਸ ਦਾ ਇੱਕ "ਘਰ" ਸੀ (19:2)।

ਇੱਥੇ ਆਖਿਆ ਗਿਆ ਹੈ ਕਿ ਲੂਤ "ਸਦੂਮ ਦੀ ਡੇਉੜ੍ਹੀ ਵਿੱਚ ਬੈਠਾ ਹੋਇਆ ਸੀ।" ਫ਼ਸੀਲ ਵਾਲੇ ਨਗਰਾਂ ਵਿੱਚ ਪ੍ਰਵੇਸ਼ ਕਰਨ ਦਾ ਮੁੱਖ ਰਾਹ ਨਗਰ ਦੀ ਡੇਉੜ੍ਹੀ ਜਾਂ ਫਾਟਕ ਹੁੰਦਾ ਸੀ। ਆਮ ਤੌਰ 'ਤੇ ਇਹੋ ਉਹ ਥਾਂ ਹੁੰਦਾ ਸੀ ਜਿੱਥੇ ਕਾਰੋਬਾਰ ਕੀਤਾ ਜਾਂਦਾ ਸੀ (23:10), ਜਿੱਥੇ ਅਦਾਲਤੀ ਮਸਲੇ ਸੁਣੇ ਅਤੇ ਸੁਲਝਾਏ ਜਾਂਦੇ ਸਨ (34:20; ਰੂਥ 4:1, 11; 2 ਸਮੂਏਲ 15:2) ਅਤੇ ਜਿੱਥੇ ਲੋਕ ਬੈਠ ਕੇ ਗੱਲਾਂ-ਬਾਤਾਂ ਕਰਦੇ ਹੁੰਦੇ ਸਨ (ਜ਼ਬੂਰ 69:12) ਅਤੇ ਗੰਭੀਰ ਮਸਲਿਆਂ ਬਾਰੇ ਚਰਚਾ ਕਰਦੇ ਹੁੰਦੇ ਸਨ। ਸਾਨੂੰ ਇਹ ਨਹੀਂ ਦੱਸਿਆ ਗਿਆ ਹੈ ਕਿ ਲੂਤ ਨਗਰ ਦੀ ਡੇਉੜ੍ਹੀ ਵਿੱਚ ਕਿਉਂ ਬੈਠਾ ਸੀ, ਪਰ ਇਹ ਤਾਂ ਨਿਸ਼ਚਿਤ ਹੈ ਕਿ ਉਹ ਨਗਰ ਦਾ ਕੋਈ ਸਨਮਾਨਿਤ ਸਿਆਸੀ ਨੇਤਾ ਨਹੀਂ ਸੀ, ਜਿਵੇਂ ਕਿ ਕੁਝ ਲੋਕਾਂ ਨੇ ਸੁਝਾਉ ਦਿੱਤਾ ਹੈ। ਆਇਤ 9 ਦੱਸਦੀ ਹੈ ਕਿ ਨਗਰ ਦੇ ਵਸਨੀਕ ਉਸ ਨੂੰ ਨਿਰਾਦਰ ਦੇ ਭਾਵ ਨਾਲ "ਵੱਸਣ ਲਈ ਆਇਆ" ਆਖਦੇ ਸਨ। ਕਿਉਂ ਜੋ ਮੂਲਪਾਠ ਇਹ ਨਹੀਂ ਦੱਸਦਾ ਕਿ ਲੂਤ ਨਗਰ ਦੀ ਡੇਉੜ੍ਹੀ ਵਿੱਚ ਕਿਉਂ ਬੈਠਾ ਸੀ ਇਸ ਕਰਕੇ ਇਸ ਬਾਰੇ ਸਿਰਫ ਅਨੁਮਾਨ ਹੀ ਲਗਾਏ ਜਾ ਸਕਦੇ ਹਨ।

ਜਦ ਉਸ ਨੇ ਵੇਖਿਆ ਕਿ ਦੋ ਪੁਰਸ਼ ਉਸ ਵੱਲ ਆ ਰਹੇ ਹਨ ਤਾਂ **ਲੂਤ ਉਨ੍ਹਾਂ ਨੂੰ ਵੇਖਕੇ ਮਿਲਣ ਲਈ ਉੱਠਿਆ ਅਤੇ ਉਹ ਨੇ ਆਪਣਾ ਮੂੰਹ ਧਰਤੀ ਤੀਕ ਝੁਕਾਇਆ**। ਲੂਤ ਦੇ ਇਸ ਕੰਮ ਦੀ ਸ਼ਲਾਘਾ ਕੀਤੀ ਜਾਣੀ ਚਾਹੀਦੀ ਹੈ ਕਿਉਂਕਿ ਉਸ ਨੇ ਅਜਨਬੀਆਂ ਦਾ ਸਤਿਕਾਰ ਕੀਤਾ, ਜਦਕਿ ਹੋਰ ਲੋਕਾਂ ਨੇ ਅਜਿਹਾ ਨਹੀਂ ਕੀਤਾ। ਇਸ ਤੋਂ ਇਲਾਵਾ, ਮੂਲਪਾਠ ਆਖਦਾ ਹੈ ਕਿ ਸਿਰਫ ਉਹੀ ਸੀ ਜਿਸ ਨੇ ਉਨ੍ਹਾਂ ਦਾ ਦਿਲੋਂ ਸੁਆਗਤ ਕੀਤਾ ਸੀ ਕਿਉਂਕਿ ਉਸ ਨੇ ਉਨ੍ਹਾਂ ਦੇ ਸਾਹਮਣੇ ਆਪਣਾ ਮੂੰਹ ਧਰਤੀ ਤੀਕ ਝੁਕਾਇਆ ਸੀ, ਉਵੇਂ ਹੀ ਜਿਵੇਂ ਅਬਰਾਹਾਮ ਨੇ ਕੀਤਾ ਸੀ (18:2)।

**ਆਇਤ 2.** ਜਦ ਲੂਤ ਜ਼ਮੀਨ ਤੋਂ ਉੱਠਿਆ ਤਦ ਵੀ ਉਸ ਨੇ ਇਨ੍ਹਾਂ ਪੁਰਸ਼ਾਂ ਨੂੰ **ਮੇਰੇ ਪ੍ਰਭੂਓ** ਆਖ ਕੇ ਉਨ੍ਹਾਂ ਦਾ ਸਤਿਕਾਰ ਕੀਤਾ (ਵੇਖੋ 18:3)। ਉਨ੍ਹਾਂ ਦਾ ਹੋਰ ਵੀ ਸਤਿਕਾਰ ਕਰਦਿਆਂ ਉਸ ਨੇ ਉਨ੍ਹਾਂ ਅੱਗੇ ਬੇਨਤੀ ਕੀਤੀ ਕਿ ਉਹ [ਉਸ ਦੇ] **ਘਰ** ਚੱਲਣ। ਇਸ ਪ੍ਰਾਹੁਣਚਾਰੀ ਸਦਕਾ ਉਹ **ਆਪਣੇ ਚਰਨ** ਧੋ ਸਕਦੇ ਹਨ (ਵੇਖੋ 18:4) ਅਤੇ **ਰਾਤ** ਠਹਿਰ ਸਕਦੇ ਹਨ; ਅਤੇ ਅਗਲੇ ਦਿਨ ਆਪਣੀ ਯਾਤਰਾ ਨੂੰ ਜਾਰੀ ਰੱਖ ਸਕਦੇ ਹਨ।

ਜੇਕਰ ਪੁਰਾਤਨ ਪਰੰਪਰਾ ਆਖਦੀ ਸੀ ਕਿ ਸਥਾਨਕ ਵਸਨੀਕ ਯਾਤਰੀਆਂ ਦੇ ਰਾਤ ਠਹਿਰਨ ਲਈ ਬਿਸਤਰਾ ਦੇਵੇ, ਤਾਂ ਫਿਰ ਅਜਿਹੀ ਪ੍ਰਾਹੁਣਚਾਰੀ ਨੂੰ ਸਵੀਕਾਰ ਨਾ ਕਰਨਾ ਮੇਜ਼ਬਾਨ ਦਾ ਨਿਰਾਦਰ ਹੁੰਦਾ ਸੀ। ਇਸ ਕਰਕੇ ਲੂਤ ਥੋੜਾ ਹੈਰਾਨ ਹੋ ਗਿਆ ਜਦ ਪਰਦੇਸੀਆਂ ਨੇ ਉਸ ਦੀ ਬੇਨਤੀ ਨੂੰ ਪਹਿਲਾਂ ਠੁਕਰਾ ਦਿੱਤਾ ਅਤੇ ਆਖਿਆ ਕਿ **ਅਸੀਂ** [ਨਗਰ ਦੇ] **ਚੌਂਕ ਵਿੱਚ ਰਾਤ ਕਟਾਂਗੇ**। "ਚੌਂਕ" ਨਗਰ ਦੀ ਡੇਉੜ੍ਹੀ ਜਾਂ ਫਾਟਕ ਦੇ ਕੋਲ ਇੱਕ ਖੁਲ੍ਹਾ ਅਤੇ ਚੌੜਾ ਥਾਂ ਹੁੰਦਾ ਸੀ (2 ਇਤਹਾਸ 32:6; ਨਹਮਯਾਹ 8:1; ਅਸਤਰ 4:6)। ਆਮ ਹਾਲਾਤਾਂ ਵਿੱਚ ਕਿਸੇ ਦੇ ਘਰ ਵਿੱਚ ਰਾਤ ਕੱਟਣਾ ਵਧੇਰੇ ਸੁਰੱਖਿਅਤ ਹੁੰਦਾ ਸੀ, ਬਜਾਇ ਇਸ ਦੇ ਕਿ ਚੌਂਕ ਵਿੱਚ ਰਾਤ ਕੱਟ ਕੇ ਖਤਰਾ ਮੋਲ ਲਿਆ ਜਾਵੇ (ਨਿਆਈਆਂ 19:20-26)।

**ਆਇਤ 3.** ਲੂਤ ਨੇ ਆਪਣੇ ਸੱਦੇ ਉੱਤੇ ਜ਼ੋਰ ਦਿੱਤਾ ਕਿਉਂਕਿ ਉਸ ਨੂੰ ਡਰ ਸੀ ਕਿ ਕਿਤੇ ਪਰਦੇਸੀਆਂ ਦੇ ਨਾਲ ਰਾਤ ਵੇਲੇ ਨਗਰ ਵਿੱਚ ਕੋਈ ਅਣਹੋਣੀ ਨਾ ਵਾਪਰ ਜਾਵੇ; ਇਸ ਕਰਕੇ **ਉਹ ਉਨ੍ਹਾਂ ਦੇ ਬਹੁਤ ਹੀ ਖਹਿੜੇ ਪਿਆ** ਕਿ ਉਹ ਉਸ ਦੀ ਪ੍ਰਾਹੁਣਚਾਰੀ ਨੂੰ ਸਵੀਕਾਰ ਕਰ ਲੈਣ ਅਤੇ ਉਸ ਦੀ ਛੱਤ ਹੇਠ ਰਾਤ ਕੱਟਣ। ਲੂਤ ਦੇ ਐਨਾ ਜ਼ੋਰ ਦੇਣ ਕਰਕੇ ਇਨ੍ਹਾਂ ਪੁਰਸ਼ਾਂ ਨੇ ਚੌਂਕ ਵਿੱਚ ਰਾਤ ਕੱਟਣ ਦੀ ਆਪਣੀ ਯੋਜਨਾ ਛੱਡ ਦਿੱਤੀ ਅਤੇ ਉਹ **ਉਹ ਦੇ ਘਰ ਗਏ**। ਜਦ ਉਹ ਉਸ ਦੇ ਘਰ ਪੁੱਜ ਗਏ ਤਦ ਲੂਤ **ਨੇ ਉਨ੍ਹਾਂ ਦੀ ਮਿਹਮਾਨੀ ਕੀਤੀ** ਅਤੇ ਕੁਝ **ਪਤੀਰੀ ਰੋਟੀ ਪਕਾਈ**।

ਕੁਝ ਲੋਕ ਮੰਨਦੇ ਹਨ ਕਿ ਇਹ ਹਲਕਾ-ਫੁਲਕਾ ਭੋਜਨ ਸੀ, ਜਿਸ ਵਿੱਚ ਸਿਰਫ ਪਤੀਰੀ ਰੋਟੀ ਸੀ, ਕਿਉਂ ਜੋ ਇੱਥੇ ਸਿਰਫ ਇਸੇ ਦਾ ਨਾਮ ਲਿਖਿਆ ਗਿਆ ਹੈ। ਪਰ ਫਿਰ ਵੀ ਇਸ ਗੱਲ ਦੀ ਸੰਭਾਵਨਾ ਬਹੁਤ ਘੱਟ ਜਾਪਦੀ ਹੈ ਕਿ ਲੇਖਕ ਸਿਰਫ ਥੋੜੀ ਜਿਹੀ ਪਤੀਰੀ ਰੋਟੀ ਨੂੰ "ਮਿਹਮਾਨੀ" (מִשְׁתֶּה, *ਮਿਸ਼ਥੇਹ*) ਆਖਦਾ। ਆਮ ਤੌਰ 'ਤੇ *ਮਿਸ਼ਥੇਹ* ਜਸ਼ਨ ਦੀ ਦਾਅਵਤ ਲਈ ਇਸਤੇਮਾਲ ਹੁੰਦਾ ਸੀ, ਜਿਵੇਂ ਕਿ ਵਿਆਹ ਦਾ ਵੱਡਾ ਖਾਣਾ (29:22), ਇੱਕ ਪਾਤਸ਼ਾਹੀ ਜੱਗ (1 ਸਮੂਏਲ 25:36), ਜਾਂ ਫਿਰ ਕਿਸੇ ਰਾਜਾ ਲਈ ਜਾਂ ਉਸ ਦੇ ਦੁਆਰਾ ਦਾਉਤ ਦਿੱਤੇ ਜਾਣਾ ਜੋ ਆਪਣੇ ਸਨਮਾਨਿਤ ਪ੍ਰਾਹੁਣਿਆਂ ਦੀ ਪ੍ਰਾਹੁਣਚਾਰੀ ਕਰਦਾ ਸੀ (ਅਸਤਰ 2:18; 5:14)।[1]

**ਆਇਤ 4.** ਆਮ ਤੌਰ 'ਤੇ ਸ਼ਾਮ ਦੇ ਭੋਜਨ ਤੋਂ ਬਾਅਦ ਮਿਹਮਾਨ ਸੌਣ ਲਈ ਬਿਸਤਰੇ 'ਤੇ ਲੇਟ ਜਾਂਦੇ ਸਨ। ਪਰ ਇੱਥੇ **ਉਨ੍ਹਾਂ ਦੇ ਲੰਮੇ ਪੈਣ ਤੋਂ ਪਹਿਲਾਂ ਸਦੂਮ ਨਗਰ ਦੇ ਮਨੁੱਖਾਂ ਨੇ** ਆਣ ਕੇ ਸਾਰੇ ਟੱਬਰ ਨੂੰ ਪਰੇਸ਼ਾਨ ਕਰ ਦਿੱਤਾ। ਦੂਤਾਂ ਨੂੰ ਹੁਣ ਆਪ ਪਤਾ ਲੱਗਣ ਵਾਲਾ ਸੀ ਕਿ **ਸਦੂਮ** ਦੇ ਵਸਨੀਕ ਕਿਹੋ ਜਿਹੇ ਲੋਕ ਸਨ। ਤਦ **ਕੀ ਗਭਰੂ ਕੀ ਬੁੱਢਾ ਸਭ ਪਾਸਿਓਂ ਉਸ ਘਰ ਨੂੰ ਘੇਰ ਲਿਆ**। ਇੱਥੇ ਹਰ ਤਰ੍ਹਾਂ ਦੇ ਪੁਰਸ਼ਾਂ ਨੂੰ ਸ਼ਾਮਿਲ ਕੀਤਾ ਜਾਣਾ ਸਾਰੇ ਨਗਰ ਦੀ ਬਦਕਾਰੀ ਨੂੰ

ਦਰਸਾਉਂਦਾ ਹੈ; ਸੱਚਮੁੱਚ ਇਹ **ਮਨੁੱਖ** ਉਸ ਨਿਆਉਂ ਦੇ ਹੱਕਦਾਰ ਸਨ ਜਿਹੜਾ ਉਨ੍ਹਾਂ ਉੱਤੇ ਪੈਣ ਵਾਲਾ ਸੀ। ਪਰ ਅਜਿਹਾ ਜਾਪਦਾ ਹੈ ਕਿ ਲੂਤ ਦੇ ਜਵਾਈ ਇਨ੍ਹਾਂ ਲੋਕਾਂ ਵਿੱਚ ਸ਼ਾਮਲ ਨਹੀਂ ਹੋਏ ਸਨ (ਵੇਖੋ 19:14)।

**ਆਇਤ 5.** ਭਿੰਨ-ਭਿੰਨ ਤਰ੍ਹਾਂ ਦੇ ਲੋਕਾਂ ਦੇ ਇਸ ਸਮੂਹ ਨੇ **ਲੂਤ ਨੂੰ ਹਾਕ ਮਾਰਕੇ ਆਖਿਆ** ਅਤੇ ਜ਼ੋਰ ਦੇ ਪੁੱਛਿਆ ਕਿ ਉਹ **ਮਨੁੱਖ** ਕਿੱਥੇ ਹਨ ਜਿਹੜੇ ਉਸ ਰਾਤ ਉਸ ਦੇ ਕੋਲ ਆਏ ਸਨ। ਨਾਲ ਹੀ ਉਨ੍ਹਾਂ ਨੇ ਇਹ ਵੀ ਮੰਗ ਕੀਤੀ ਕਿ **ਉਨ੍ਹਾਂ ਨੂੰ ਸਾਡੇ ਕੋਲ ਬਾਹਰ ਲਿਆ ਤਾਂਜੋ ਅਸੀਂ ਉਨ੍ਹਾਂ ਨੂੰ ਜਾਣੀਏ**। ਜਿਸ ਸ਼ਬਦ ਦਾ ਅਨੁਵਾਦ "ਜਾਣੀਏ" (יָדַע, *ਯਾਦਾਹ*) ਕੀਤਾ ਗਿਆ ਹੈ ਉਸ ਦਾ ਸ਼ਾਬਦਿਕ ਅਰਥ "ਜਾਣਨਾ" ਹੈ। ਕੁਝ ਲੋਕਾਂ ਨੇ ਇਹ ਤਰਕ ਦਿੱਤਾ ਹੈ ਕਿ ਸਦੂਮ ਦੇ ਨਾਗਰਿਕਾਂ ਦਾ ਕੋਈ ਬੁਰਾ ਮੰਤਵ ਨਹੀਂ ਸੀ, ਉਹ ਤਾਂ ਬਸ ਇਨ੍ਹਾਂ ਪਰਦੇਸੀਆਂ ਨਾਲ ਜਾਣ-ਪਛਾਣ ਕਰਨਾ ਚਾਹੁੰਦੇ ਸਨ। ਇਹ ਵਿਚਾਰ LXX ਦੁਆਰਾ *ਯਾਦਾਹ* ਨੂੰ συγγινώσκω (*ਸੁਨਗਿਨੋਸਕੋ*) ਵਜੋਂ ਅਨੁਵਾਦ ਕੀਤੇ ਜਾਣ ਤੋਂ ਆਇਆ ਹੈ, ਜਿਸ ਦਾ ਅਰਥ "ਮਿਲਣਾ" ਜਾਂ "ਗੱਲਬਾਤ ਕਰਨਾ" ਹੈ, ਜੋ ਆਮ ਸ਼ਬਦ γινώσκω (*ਗਿਨੋਸਕੋ*) ਦੇ ਉਲਟ ਹੈ ਜਿਸ ਦਾ ਅਰਥ ਹੈ "ਜਾਣਨਾ।"[2] ਪਰ ਫਿਰ ਵੀ 19:5 ਅਤੇ ਨਿਆਈਆਂ 19:22 ਵਿੱਚ ਯਾਦਾਹ ਸ਼ਬਦ ਦਾ ਅਰਥ "ਕਿਸੇ ਪੁਰਸ਼ ਨਾਲ ਜਿਨਸੀ ਸੰਬੰਧ ਬਣਾਉਣਾ (ਮੁੰਡੇਬਾਜ਼ੀ ਕਰਨਾ) ਹੈ।"[3] ਕੁਝ ਅਨੁਵਾਦ ਇੱਥੇ ਸਿੱਧਾ "ਉਨ੍ਹਾਂ ਦੇ ਨਾਲ ਜਿਨਸੀ ਸੰਬੰਧ ਬਣਾਈਏ" ਲਿਖਦੇ ਹਨ (NIV; TEV; CEV; NLT) ਅਤੇ "ਉਨ੍ਹਾਂ ਨਾਲ ਸੰਭੋਗ ਕਰੀਏ" ਲਿਖਦੇ ਹਨ (NJB; NEB; REB)।

ਇਹ ਬੁਰਿਆਈ ਐਨੀ ਜ਼ਿਆਦਾ ਫੈਲੀ ਹੋਈ ਸੀ ਕਿ ਸਦੂਮ ਦੇ ਸਾਰੇ ਜਵਾਨ ਅਤੇ ਬੁੱਢੇ ਪੁਰਸ਼ਾਂ ਨੇ ਮੰਗ ਕੀਤੀ ਕਿ ਇਨ੍ਹਾਂ ਪਰਦੇਸੀਆਂ ਨੂੰ ਬਾਹਰ ਲਿਆਂਦਾ ਜਾਵੇ ਤਾਂ ਜੋ ਉਹ ਉਨ੍ਹਾਂ ਦੇ ਨਾਲ "ਸਮਲਿੰਗੀ ਸੰਭੋਗ"[4] ਕਰਨ। ਇੱਥੇ ਪਹਿਲੀ ਵਾਰੀ ਸਦੂਮੀ ਲੋਕਾਂ ਦੀ ਉਸ ਦੁਸ਼ਟਤਾ ਨੂੰ ਖੁੱਲ੍ਹ ਕੇ ਦੱਸਿਆ ਗਿਆ ਹੈ ਜਿਸ ਬਾਰੇ ਪਹਿਲਾਂ 13:13 ਵਿੱਚ ਸੰਕੇਤ ਕੀਤਾ ਗਿਆ ਸੀ। ਅਜਿਹੇ ਕੰਮਾਂ ਨੂੰ ਪਰਮੇਸ਼ੁਰ ਦੇ ਲੋਕਾਂ ਦੁਆਰਾ ਕਦੇ ਵੀ ਸਹਿਣ ਨਹੀਂ ਕੀਤਾ ਜਾਣਾ ਚਾਹੀਦਾ ਅਤੇ ਨਾ ਹੀ ਇਨ੍ਹਾਂ ਕੰਮਾਂ ਨੂੰ ਆਪ ਕਰਨਾ ਚਾਹੀਦਾ ਹੈ (ਲੇਵੀਆਂ 18:22; 20:13; ਰੋਮੀਆਂ 1:24-27, 32; 1 ਕੁਰਿੰਥੀਆਂ 6:9-11; 1 ਤਿਮੋਥਿਉਸ 1:8-11; ਯਹੂਦਾਹ 7)। ਇਹ ਵੀ ਸੰਭਵ ਹੈ ਕਿ ਸਦੂਮ ਦੇ ਵਸਨੀਕਾਂ ਦੁਆਰਾ ਹੋਰ ਵੀ ਬੁਰੇ ਕੰਮ ਅਤੇ ਅਪਰਾਧ ਕੀਤੇ ਜਾਂਦੇ ਹੋਣ (ਯਿਰਮਿਯਾਹ 23:14; ਹਿਜ਼ਕੀਏਲ 16:46-50), ਪਰ ਖੁੱਲ੍ਹੇ ਤੌਰ 'ਤੇ ਅਤੇ ਐਨੀ ਜ਼ਿਆਦਾ ਫੈਲੀ ਹੋਈ ਸਮਲਿੰਗਤਾ ਵਿੱਚ ਲਿਪਤ ਸਾਰੇ ਸਮਾਜ ਦੀ ਇਹ ਦੁਸ਼ਟਤਾ ਹੀ ਸੀ ਜੋ ਉਨ੍ਹਾਂ ਉੱਤੇ ਪਰਮੇਸ਼ੁਰ ਦੇ ਕ੍ਰੋਧ ਨੂੰ ਲੈ ਕੇ ਆਈ।

**ਆਇਤਾਂ 6, 7.** ਇਸ ਫਸਾਦ ਦੀ ਘੜੀ ਵਿੱਚ **ਲੂਤ** ਨੇ ਇੱਕ ਵਿਚੋਲੇ ਦਾ ਕੰਮ ਕੀਤਾ ਅਤੇ ਦਿਲੇਰੀ ਦਿਖਾਉਂਦਿਆਂ **ਉਨ੍ਹਾਂ ਦੇ ਕੋਲ ਡੇਉੜ੍ਹੀ ਵਿੱਚੋਂ ਬਾਹਰ** ਚਲਿਆ ਗਿਆ। ਮੂਲਪਾਠ ਦੱਸਦਾ ਹੈ ਕਿ ਉਸ ਨੇ **ਬੂਹਾ ਆਪਣੇ ਪਿੱਛੇ ਭੇੜ ਲਿਆ** ਅਤੇ ਅਜਿਹਾ ਕਰਕੇ ਭੀੜ ਦੇ ਕ੍ਰੋਧ ਦੇ ਖਤਰੇ ਵਿੱਚ ਆ ਗਿਆ ਅਤੇ ਉਮੀਦ ਕਰਨ ਲੱਗਾ ਕਿ ਉਹ ਆਪਣੇ ਘਰ ਦੇ ਅੰਦਰ ਬੈਠੇ ਉਸ ਦੇ ਪ੍ਰਾਹੁਣਿਆਂ ਦੀ ਰੱਖਿਆ ਕਰ ਸਕੇਗਾ। ਫਿਰ ਉਸ ਨੇ ਉਨ੍ਹਾਂ ਅੱਗੇ ਬੇਨਤੀ ਕਰਦਿਆਂ ਆਖਿਆ, **ਮੇਰੇ ਭਰਾਵੋ ਇਹ ਬੁਰਿਆਈ ਨਾ ਕਰੋ**। "ਮੇਰੇ ਭਰਾਵੋ" ਇਬਰਾਨੀ ਦੇ ਸ਼ਬਦ אַחַי (*ਏਖ਼ੀ*) ਦਾ ਸ਼ਾਬਦਿਕ ਅਨੁਵਾਦ ਹੈ, ਪਰ ਇਸ ਦਾ ਅਰਥ ਇਹ ਨਹੀਂ ਹੈ ਕਿ ਉਹ ਸੱਕੇ ਭਰਾ ਜਾਂ ਰਿਸ਼ਤੇਦਾਰੀ ਵਿੱਚ ਭਰਾ ਸੀ। ਸਗੋਂ ਇਸ ਦਾ ਅਰਥ "ਮੇਰੇ ਮਿੱਤਰੋ" (NIV) ਸਮਝਿਆ ਜਾਣਾ ਚਾਹੀਦਾ ਹੈ, ਜੋ ਇਹ ਦਰਸਾਉਂਦਾ ਹੈ ਕਿ ਉਹ ਉਨ੍ਹਾਂ ਦੇ ਨਾਲ ਨੇੜਤਾ ਦੇ ਸੰਬੰਧ ਨੂੰ ਦਰਸਾ ਰਿਹਾ ਸੀ। ਇਸ ਤ੍ਰਾਸਦੀ ਦਾ ਦੁਖ ਇਹ ਹੈ ਕਿ ਕਈ ਵਰ੍ਹੇ ਪਹਿਲਾਂ ਅਬਰਾਹਾਮ ਨੇ ਲੂਤ ਨੂੰ

ਆਪਣਾ "ਭਰਾ" ਆਖਿਆ ਸੀ (13:8)। ਆਪਣੇ ਚਾਚੇ ਤੋਂ ਵੱਖਰਾ ਹੋ ਕੇ, ਜੋ ਪਰਮੇਸ਼ੁਰ ਦੀਆਂ ਅਸੀਸਾਂ ਵਿੱਚ ਜੀ ਰਿਹਾ ਸੀ, ਇਸ ਭਤੀਜੇ ਨੇ ਉਨ੍ਹਾਂ ਦੁਸ਼ਟ ਲੋਕਾਂ ਦਾ "ਭਰਾ" ਬਣਨ ਦੀ ਚੋਣ ਕਰ ਲਈ ਸੀ ਜਿਨ੍ਹਾਂ ਉੱਤੇ ਪਰਮੇਸ਼ੁਰ ਦਾ ਸਰਾਪ ਪੈਣ ਜਾ ਰਿਹਾ ਸੀ।

**ਆਇਤ 8.** ਅਜਿਹੇ ਭ੍ਰਿਸ਼ਟ ਸਮਾਜ ਵਿੱਚ ਐਨਾ ਲੰਮਾ ਸਮਾਂ ਬਿਤਾਉਣ ਤੋਂ ਬਾਅਦ ਲੂਤ ਦਾ ਆਤਮਕ ਅੰਤਹਕਰਣ ਐਨਾ ਮਲੀਨ ਹੋ ਚੁੱਕਾ ਸੀ ਕਿ ਉਸ ਨੇ ਇਸ ਭੀੜ ਨੂੰ ਆਪਣੀਆਂ **ਦੋ ਧੀਆਂ** ਦੇਣ ਦੀ ਗੱਲ ਕਰ ਦਿੱਤੀ **ਜਿਨ੍ਹਾਂ ਨੇ ਮਨੁੱਖ ਨੂੰ ਨਹੀਂ ਜਾਣਿਆ** ਸੀ। "ਨਹੀਂ ਜਾਣਿਆ ਸੀ" ਉਸੇ ਇਬਰਾਨੀ ਸ਼ਬਦ ਤੋਂ ਆਇਆ ਹੈ ਜਿਸ ਦਾ ਅਨੁਵਾਦ ਆਇਤ 5 ਵਿੱਚ *ਯਾਦਾਹ* (ਜਾਣਨਾ) ਕੀਤਾ ਗਿਆ ਹੈ, ਪਰ ਇੱਥੇ ਇਹ ਪੁਰਸ਼/ਇਸਤਰੀ ਵਿਚਕਾਰਲੇ ਸਰੀਰਕ ਸੰਬੰਧਾਂ ਦਾ ਹਵਾਲਾ ਦਿੰਦਾ ਹੈ। ਇਸ ਦਾ ਅਰਥ ਇਹ ਹੈ ਕਿ ਹਾਲਾਂਕਿ ਮੂਲਪਾਠ ਨਗਰ ਦੇ ਜਿਨ੍ਹਾਂ ਦੋ ਜੁਆਨਾਂ ਨੂੰ ਲੂਤ ਦੇ "ਜਵਾਈ" ਆਖਦਾ ਹੈ (19:14) ਉਨ੍ਹਾਂ ਦੇ ਨਾਲ ਉਸ ਦੀਆਂ ਧੀਆਂ ਦੀ ਅਜੇ ਸਿਰਫ ਮੰਗਣੀ ਹੋਈ ਸੀ, ਪਰ ਅਜੇ ਤੱਕ ਉਨ੍ਹਾਂ ਦਾ ਵਿਆਹ ਨਹੀਂ ਹੋਇਆ ਸੀ (ਵੇਖੋ ਮੱਤੀ 1:18-25)।

ਲੂਤ ਦੁਆਰਾ ਅਜਿਹੀ ਲੁੱਚੀ ਭੀੜ ਨੂੰ ਆਪਣੀਆਂ ਦੋ ਕੁਆਰੀ ਧੀਆਂ ਦੇਣ ਦੀ ਗੱਲ ਕਰਨਾ ਸਮਝ ਤੋਂ ਬਾਹਰ ਹੈ। ਉਸ ਨੇ ਇਨ੍ਹਾਂ ਮਨੁੱਖਾਂ ਨੂੰ ਆਖਿਆ ਕਿ **ਉਨ੍ਹਾਂ ਨਾਲ ਜਿਵੇਂ ਤੁਹਾਡੀ ਨਿਗਾਹ ਵਿੱਚ ਚੰਗਾ ਹੋਵੇ ਤਿਵੇਂ ਹੀ ਕਰੋ**; ਬਸ **ਇਨ੍ਹਾਂ** ਦੋ **ਮਨੁੱਖਾਂ ਨਾਲ ਕੁਝ ਨਾ ਕਰੋ**, ਜੋ ਉਸ ਦੇ ਘਰ ਵਿੱਚ ਠਹਿਰੇ ਹੋਏ ਸਨ। ਕੁਝ ਲੋਕ ਲੂਤ ਦੇ ਇਸ ਵਿਹਾਰ ਨੂੰ ਸਹੀ ਠਹਿਰਾਉਂਦੇ ਹਨ ਕਿਉਂਕਿ ਪੁਰਾਤਨ ਨੈਤਿਕ ਪਰੰਪਰਾ ਆਖਦੀ ਸੀ ਕਿ ਉਹ ਉਨ੍ਹਾਂ ਪ੍ਰਾਹੁਣਿਆਂ ਦੀ ਰੱਖਿਆ ਲਈ ਜ਼ਿੰਮੇਵਾਰ ਸੀ ਜੋ ਉਸ ਦੀ ਛੱਤ ਹੇਠ ਠਹਿਰੇ ਹੋਏ ਸਨ; ਇਸ ਕਰਕੇ ਜੇਕਰ ਉਸ ਦੇ ਘਰ ਵਿੱਚ ਰਹਿੰਦਿਆਂ ਉਨ੍ਹਾਂ ਨੂੰ ਕੁਝ ਹੋ ਜਾਂਦਾ ਤਾਂ ਇਸ ਦੇ ਲਈ ਉਸੇ ਨੂੰ ਜ਼ਿੰਮੇਵਾਰ ਠਹਿਰਾਇਆ ਜਾਣਾ ਸੀ। ਅਜਿਹੀ ਪਰੰਪਰਾ ਵਿੱਚ ਸ਼ਾਇਦ ਉਸ ਹਾਲਾਤ ਦੀ ਕਲਪਨਾ ਨਹੀਂ ਕੀਤੀ ਗਈ ਹੋਵੇਗੀ ਜਿਸ ਵਿੱਚ ਲੂਤ ਫਸਿਆ ਹੋਇਆ ਸੀ। ਉਸ ਨੇ ਆਪਣੀਆਂ ਧੀਆਂ ਦੀ ਸਲਾਮਤੀ ਤੋਂ ਵਧ ਕੇ ਆਪਣੀ ਮੇਜ਼ਬਾਨੀ ਨੂੰ ਵਧੇਰੇ ਮਹੱਤਵ ਦਿੱਤਾ। ਸ਼ਾਇਦ ਉਸ ਨੇ ਚੇਤੇ ਕੀਤਾ ਹੋਵੇਗਾ ਕਿ ਕਿਵੇਂ ਅਬਰਾਹਾਮ ਵੀ ਮਿਸਰ ਵਿੱਚ ਆਪਣੀ ਜਾਨ ਬਚਾਉਣ ਲਈ ਆਪਣੀ ਪਤਨੀ ਦੀ ਪੱਤ ਦੀ ਕੁਰਬਾਨੀ ਦੇਣ ਨੂੰ ਤਿਆਰ ਹੋ ਗਿਆ ਸੀ (ਵੇਖੋ 12:10-20)। ਲੂਤ ਵੀ ਇਹੋ ਕਰਨ ਲਈ ਤਿਆਰ ਹੋ ਗਿਆ ਸੀ ਤਾਂ ਜੋ ਆਪਣੇ ਪ੍ਰਾਹੁਣਿਆਂ ਦੀ ਰੱਖਿਆ ਵੀ ਕਰ ਸਕੇ ਅਤੇ ਸਦੂਮ ਦੇ ਵਸਨੀਕਾਂ ਨੂੰ ਸੰਤੁਸ਼ਟ ਵੀ ਕਰ ਸਕੇ।

ਪਰਤੱਖ ਤੌਰ 'ਤੇ ਲੂਤ ਭੁੱਲ ਗਿਆ ਸੀ ਕਿ ਯਹੋਵਾਹ ਉਸ ਦੇ ਚਾਚੇ ਦੇ ਇਸ ਕਾਰੇ ਤੋਂ ਖੁਸ਼ ਨਹੀਂ ਸੀ ਅਤੇ ਫਿਰਊਨ ਦੇ ਘਰਾਣੇ ਉੱਤੇ ਬਵਾ ਲੈ ਆਇਆ ਸੀ ਕਿਉਂਕਿ ਉਹ ਕਿਸੇ ਦੂਜੇ ਦੀ ਪਤਨੀ ਨੂੰ ਆਪਣੀ ਰਾਣੀ ਬਣਾਉਣ ਲਈ ਲੈ ਆਇਆ ਸੀ। ਸ਼ਾਇਦ ਉਹ ਇਸ ਘਟਨਾ ਦੀ ਮੁੱਖ ਗੱਲ ਨੂੰ ਵੇਖ ਨਹੀਂ ਸਕਿਆ ਸੀ ਕਿਉਂਕਿ ਅੰਤ ਵਿੱਚ ਸਭਕੁਝ ਸਹੀ ਹੋ ਗਿਆ ਸੀ: ਅਬਰਾਹਾਮ ਨੂੰ ਉਸ ਦੀ ਪਤਨੀ ਵਾਪਿਸ ਮਿਲ ਗਈ ਸੀ ਅਤੇ ਫਿਰਊਨ ਨੇ ਉਸ ਨੂੰ ਬਹੁਤ ਸਾਰੇ ਪਸ਼ੂਆਂ ਅਤੇ ਗੁਲਾਮਾਂ ਵਜੋਂ ਬੜਾ ਮਾਲ ਧਨ ਦਿੱਤਾ ਸੀ। ਇਹ ਤੱਥ ਕਿ ਇਨ੍ਹਾਂ ਲੁੱਚਿਆਂ ਦੀ ਜੁੰਡਲੀ ਨੂੰ ਲੂਤ ਆਪਣੀਆਂ ਦੋ ਕੁਆਰੀਆਂ ਧੀਆਂ ਦਾ ਸਾਮੂਹਿਕ ਬਲਾਤਕਾਰ ਕਰਨ ਅਤੇ ਉਨ੍ਹਾਂ ਨਾਲ ਜਿਨਸੀ ਅੱਤਿਆਚਾਰ ਕਰਨ ਲਈ ਦੇਣ ਨੂੰ ਰਾਜੀ ਹੋ ਗਿਆ ਸੀ, ਉਸ ਦੇ ਚਰਿੱਤਰ ਵਿੱਚ ਭਾਰੀ ਪਤਨ ਨੂੰ ਦਰਸਾਉਂਦਾ ਹੈ। ਪਹਿਲਾ, ਉਸ ਦੀਆਂ ਨੈਤਿਕ ਅਤੇ ਆਤਮਕ ਪ੍ਰਾਥਮਿਕਤਾਵਾਂ ਉਨ੍ਹਾਂ ਤੋਂ ਬਿਲਕੁਲ ਉਲਟ ਸਨ, ਜਿਹੜੀਆਂ ਪਰਮੇਸ਼ੁਰ ਇੱਕ ਪਿਤਾ ਤੋਂ ਆਪਣੀਆਂ ਧੀਆਂ ਦੇ ਪ੍ਰਤੀ ਚਾਹੁੰਦਾ ਹੈ। ਜ਼ਰੂਰੀ ਸੀ ਕਿ ਉਹ ਉਨ੍ਹਾਂ ਨੂੰ ਪ੍ਰੇਮ ਅਤੇ ਸੁਰੱਖਿਆ ਦੇਵੇ, ਫਿਰ ਭਾਵੇਂ ਇਸ ਦੇ ਲਈ ਉਸ ਨੂੰ ਕੋਈ ਵੀ ਕੀਮਤ ਕਿਉਂ ਨਾ ਚੁਕਾਉਣੀ ਪੈਂਦੀ। ਦੂਜਾ, ਉਸ ਨੇ ਆਪਣੀਆਂ ਧੀਆਂ ਦੀ ਪੱਤ ਅਤੇ ਜ਼ਿੰਦਗੀ ਤੋਂ ਵਧ ਕੇ ਸਦੂਮ ਦੇ ਲੁੱਚੇ ਲੋਕਾਂ ਦੇ ਸਤਿਕਾਰ ਨੂੰ ਵਧੇਰੇ ਮਹੱਤਵ ਦਿੱਤਾ। ਅਜਿਹੇ

ਜਿਨਸੀ ਅੱਤਿਆਚਾਰ ਨੂੰ ਜ਼ਿਆਦਾਤਰ ਇਸਤਰੀਆਂ ਮਾਨਸਿਕ ਜਾਂ ਸਰੀਰਕ ਤੌਰ ’ਤੇ ਸਹਿਣ ਨਹੀਂ ਕਰ ਸਕਦੀਆਂ (ਵੇਖੋ ਨਿਆਈਆਂ 19:22-30)।

**ਆਇਤ 9.** ਸਦੂਮ ਦੇ ਮਨੁੱਖਾਂ ਨੇ ਲੂਤ ਨੂੰ ਬਹੁਤ ਬੁਰੇ ਲਹਿਜ਼ੇ ਵਿੱਚ ਉੱਤਰ ਦੇ ਕੇ ਉਸ ਨੂੰ ਆਖਿਆ ਕਿ **ਪਿਛਾਹਾਂ ਹੱਟ ਜਾਹ**। ਉਨ੍ਹਾਂ ਨੇ ਇਹ ਆਖ ਕੇ ਉਸ ਦਾ ਹੋਰ ਵੀ ਨਿਰਾਦਰ ਕੀਤਾ ਕਿ ਉਹ ਤਾਂ ਬਸ **ਵੱਸਣ ਲਈ ਆਇਆ** ਸੀ, ਅਰਥਾਤ ਉਹ ਪਰਦੇਸੀ ਸੀ ਜਿਸ ਦੇ ਕੋਲ ਸਥਾਨਕ ਵਸਨੀਕਾਂ ਵਾਲੇ ਅਧਿਕਾਰ ਨਹੀਂ ਸਨ। ਸ਼ਾਬਦਿਕ ਤੌਰ ’ਤੇ ਮੂਲਪਾਠ ਆਖਦਾ ਹੈ ਕਿ ਉਹ “ਵੱਸਣ ਲਈ ਆਇਆ” (גּוּר, *ਗੂਰ*)। ਇਸੇ ਕਿਰਿਆ ਦੀ ਵਰਤੋਂ ਅਬਰਾਹਾਮ ਦੇ ਮਿਸਰ ਵਿੱਚ ਥੋੜ੍ਹੇ ਚਿਰ ਦੇ ਨਿਵਾਸ ਲਈ ਕੀਤੀ ਗਈ ਸੀ ਜਦੋਂ ਉਹ ਕਨਾਨ ਦੇਸ ਵਿੱਚ ਪਏ ਕਾਲ ਤੋਂ ਬਚਣ ਲਈ ਮਿਸਰ ਨੂੰ ਗਿਆ ਸੀ (12:10)। ਪਰਦੇਸੀਆਂ ਦਾ ਵਿਦੇਸ਼ ਵਿੱਚ ਵੱਸਣਾ ਹਮੇਸ਼ਾ ਲਈ ਵੀ ਹੋ ਸਕਦਾ ਸੀ ਅਤੇ ਕੁਝ ਚਿਰ ਲਈ ਵੀ; ਪਰ ਕਿਉਂ ਜੋ ਉਹ ਸਥਾਨਕ ਵਸਨੀਕਾਂ ਦੇ ਸੱਕੇ ਰਿਸ਼ਤੇਦਾਰ ਨਹੀਂ ਸਨ ਇਸ ਕਰਕੇ ਉਨ੍ਹਾਂ ਦੀ ਸਲਾਮਤੀ ਉਨ੍ਹਾਂ ਦੇ ਮੇਜ਼ਬਾਨਾਂ ਵੱਲੋਂ ਕੀਤੀ ਗਈ ਪ੍ਰਾਹੁਣਚਾਰੀ ਉੱਤੇ ਨਿਰਭਰ ਕਰਦੀ ਸੀ। ਉਹ ਨਾ ਤਾਂ ਸਥਾਨਕ ਵਾਸੀਆਂ ਦੇ ਸਾਰੇ ਅਧਿਕਾਰਾਂ ਦਾ ਅਨੰਦ ਮਾਣ ਸਕਦੇ ਸਨ ਅਤੇ ਨਾ ਹੀ ਸਮਾਜਕ ਮਸਲਿਆਂ ਵਿੱਚ ਉਹ ਕੁਝ ਬੋਲ ਸਕਦੇ ਸਨ।[5] ਇਸੇ ਕਰਕੇ ਲੁੱਚੀ ਭੀੜ ਨੇ ਲੂਤ ਨੂੰ ਬੇਇੱਜ਼ਤ ਕਰਦਿਆਂ ਆਖਿਆ ਕਿ ਆਪਣੇ ਆਪ ਨੂੰ ਧਰਮੀ ਆਖਣ ਵਾਲੇ ਇਸ ਵਿਦੇਸ਼ੀ ਕੋਲ ਕੋਈ ਅਧਿਕਾਰ ਨਹੀਂ ਹੈ ਕਿ ਉਹ ਉਨ੍ਹਾਂ ਦੇ ਵਿਹਾਰ ਬਾਰੇ **ਨਿਆਈ ਬਣ** ਬੈਠੇ (ਵੇਖੋ ਕੂਚ 2:14)।

ਜਿਸ ਸ਼ਬਦ ਦਾ ਅਨੁਵਾਦ “ਨਿਆਈ” ਕੀਤਾ ਗਿਆ ਹੈ ਉਹ שָׁפַט (*ਸ਼ਾਪਾਟ*) ਹੈ, ਪਰ ਇਸ ਸੰਦਰਭ ਵਿੱਚ ਅਦਾਲਤੀ ਫੈਸਲੇ ਲੈਣ ਦਾ ਕੋਈ ਸੰਬੰਧ ਨਹੀਂ ਹੈ। ਸ਼ਾਇਦ ਸਦੂਮ ਵਿੱਚ ਅਜਿਹਾ ਕੋਈ ਕਨੂੰਨ ਨਹੀਂ ਸੀ ਜਿਹੜਾ ਪਰਦੇਸੀਆਂ ਦੇ ਸਮਲਿੰਗੀ ਬਲਾਤਕਾਰ ਉੱਤੇ ਕੋਈ ਰੋਕ ਲਗਾਉਂਦਾ ਹੋਵੇ। ਪਰ ਫਿਰ ਵੀ *ਸ਼ਾਪਾਟ* ਦਾ ਇੱਕ ਹੋਰ ਅਰਥ “ਸ਼ਾਸਕ” ਹੈ; ਅਤੇ ਪੁਰਾਤਨ ਸੰਸਾਰ ਵਿੱਚ ਸਦੂਮ ਵਰਗੀ ਰਿਆਸਤਾਂ ਦਾ ਸ਼ਾਸਕ (ਰਾਜਾ) (ਵੇਖੋ 14:2, 17) ਹੀ ਆਪਣੀ ਪਰਜਾ ਉੱਤੇ ਸਰਬਉੱਚ ਨਿਆਈ ਹੋਇਆ ਕਰਦਾ ਸੀ। NJPSV ਇਸ ਆਇਤ ਵਿੱਚ *ਸ਼ਾਪਾਟ* ਦਾ ਵਧੀਆ ਅਨੁਵਾਦ ਪੇਸ਼ ਕਰਦੀ ਹੋਈ ਆਖਦੀ ਹੈ ਕਿ ਸਦੂਮ ਦੇ ਵਸਨੀਕਾਂ ਨੇ ਪਰਦੇਸੀ ਲੂਤ ਉੱਤੇ ਆਪਣਾ ਕ੍ਰੋਧ ਦਰਸਾਉਂਦੇ ਹੋਏ ਆਖਿਆ, “ਇਹ ਤਾਂ ਇਵੇਂ ਵਿਹਾਰ ਕਰਨ ਲੱਗ ਪਿਆ ਹੈ ਜਿਵੇਂ ਕਿ ਸਾਡਾ ਸ਼ਾਸਕ ਹੋਵੇ!”

ਸਦੂਮ ਦੇ ਵਸਨੀਕਾਂ ਨੇ ਇਸ ਪਰਦੇਸੀ ਦਾ ਵਿਰੋਧ ਕੀਤਾ ਜੋ ਉਨ੍ਹਾਂ ਨੂੰ ਆਖ ਰਿਹਾ ਸੀ ਕਿ ਉਨ੍ਹਾਂ ਵੱਲੋਂ ਉਨ੍ਹਾਂ ਪ੍ਰਾਹੁਣਿਆਂ ਦੇ ਨਾਲ ਜੋ ਉਸ ਦੇ ਘਰ ਵਿੱਚ ਆਏ ਹਨ ਜਿਨਸੀ ਸੰਬੰਧ ਬਣਾਉਣ ਨਾਲੋਂ ਉਸ ਦੀਆਂ ਧੀਆਂ ਦੇ ਨਾਲ ਸੰਭੋਗ ਕਰਨਾ ਵਧੇਰੇ ਨੈਤਿਕ ਹੋਵੇਗਾ। ਇਸ ਕਰਕੇ ਉਨ੍ਹਾਂ ਨੇ ਉਸ ਨੂੰ ਧਮਕੀ ਦਿੱਤੀ ਕਿ ਉਹ [ਉਸ ਦੇ ਨਾਲ] **ਉਨ੍ਹਾਂ ਨਾਲੋਂ ਵੱਧ ਬੁਰਿਆਈ** ਕਰਨਗੇ, ਅਰਥਾਤ, ਲੂਤ ਨਾਲ ਉਸ ਨਾਲੋਂ ਵਧੇਰੇ ਬਦਕਾਰੀ ਕਰਨਗੇ ਜੋ ਉਨ੍ਹਾਂ ਨੇ ਉਸ ਦੇ ਘਰ ਆਏ ਪ੍ਰਾਹੁਣਿਆਂ ਦੇ ਲਈ ਸੋਚੀ ਸੀ। ਉਸ ਭਿਆਣਕ ਘੜੀ ਵਿੱਚ ਇਨ੍ਹਾਂ ਲੋਕਾਂ ਨੇ **ਲੂਤ ਨੂੰ ਬਹੁਤ ਤੰਗ ਕੀਤਾ** ਅਤੇ **ਬੂਹੇ** ਨੂੰ ਲਗਭਗ ਭੰਨ ਹੀ ਦਿੱਤਾ।

**ਆਇਤ 10.** ਜਦ ਭੀੜ ਲੂਤ ਵੱਲ ਝਪਟੀ ਅਤੇ ਉਸ ਦੇ ਘਰ ਦੇ ਬੂਹੇ ਨੂੰ ਲਗਭਗ ਭੰਨ ਹੀ ਦਿੱਤਾ, ਤਦ **ਉਨ੍ਹਾਂ ਮਨੁੱਖਾਂ** (ਦੂਤਾਂ) **ਨੇ ਹੱਥ ਬਾਹਰ ਕੱਢਕੇ ਲੂਤ ਨੂੰ** ਬਚਾਇਆ। ਉਨ੍ਹਾਂ ਨੇ ਤੁਰੰਤ ਉਸ ਨੂੰ ਸੁਰੱਖਿਅਤ **ਆਪਣੇ ਕੋਲ ਘਰ ਵਿੱਚ ਖਿੱਚ ਲਿਆ** ਅਤੇ **ਬੂਹਾ ਭੇੜ ਲਿਆ**।

**ਆਇਤ 11.** ਤਦ **ਉਨ੍ਹਾਂ ਨੇ ਉਨ੍ਹਾਂ ਨੂੰ ਕੀ ਛੋਟਾ ਕੀ ਵੱਡਾ ਅੰਨ੍ਹੇ ਕਰ ਦਿੱਤਾ** ਜੋ ਬੂਹੇ ਨੂੰ ਤੋੜਣ ਦਾ ਜਤਨ ਕਰ ਰਹੇ ਸਨ। “ਅਨ੍ਹੇ” ਲਈ ਇਸਤੇਮਾਲ ਕੀਤਾ ਗਿਆ ਸ਼ਬਦ ਇਬਰਾਨੀ ਦਾ ਆਮ

ਸ਼ਬਦ עִוֵּר (*ਓਵੇਰ*) ਨਹੀਂ ਹੈ, ਸਗੋਂ סַנְוֵרִים (*ਸੈਨਵੇਰੀਮ*) ਹੈ, ਜਿਹੜਾ ਪੁਰਾਣੇ ਨੇਮ ਵਿੱਚ ਸਿਰਫ ਇੱਕ ਹੋਰ ਥਾਂ 'ਤੇ ਇਸ ਨਾਲ ਮਿਲਦੇ-ਜੁਲਦੇ ਸੰਦਰਭ ਵਿੱਚ ਇਸਤੇਮਾਲ ਹੋਇਆ ਹੈ (2 ਰਾਜਿਆਂ 6:18)। ਇਹ "ਦੂਜੀ ਭਾਸ਼ਾ ਵਿੱਚੋਂ ਲਿਆ ਗਿਆ ਇੱਕ ਸ਼ਬਦ ਹੈ ਜਿਸ ਦਾ ਮੂਲ ਅੱਕਾਦੀਅਨ ਭਾਸ਼ਾ ਵਿੱਚ ਹੈ,"[6] ਅਤੇ ਅਜਿਹਾ ਜਾਪਦਾ ਹੈ ਕਿ ਇਹ ਅਜਿਹਾ ਅੰਨ੍ਹਾ ਕਰ ਦੇਣ ਵਾਲੇ ਅਸਥਾਈ ਚਾਨਣ ਵੱਲ ਸੰਕੇਤ ਕਰਦਾ ਹੈ ਜਿਹੜਾ ਕੁਝ ਸਮੇਂ ਲਈ ਲੋਕਾਂ ਨੂੰ ਚਕਾਚੌਂਧ ਕਰ ਦਿੰਦਾ ਹੈ ਅਤੇ ਉਲਝਣ ਵਿੱਚ ਪਾ ਦਿੰਦਾ ਹੈ ਕਿ ਉਹ ਸਧਾਰਨ ਤਰੀਕੇ ਨਾਲ ਕੰਮ ਨਹੀਂ ਕਰ ਪਾਉਂਦੇ। ਅੰਨ੍ਹੇ ਹੋਏ ਲੋਕ ਐਧਰ-ਉੱਧਰ ਡਿੱਗਣ ਲੱਗੇ ਅਤੇ **ਬੂਹਾ** ਲੱਭਣ ਲੱਗੇ ਪਰ ਲੱਭ ਨਾ ਸਕੇ। ਹਾਸੋਹੋਣੀ ਗੱਲ ਇਹ ਹੈ ਕਿ ਸਦੂਮ ਦੇ ਇਹ ਮਨੁੱਖ ਜਿਹੜੇ ਲੂਤ ਦੇ ਘਰ ਅੰਦਰ ਬੈਠੇ ਪੁਰਸ਼ਾਂ ਨੂੰ "ਜਾਣਨਾ" ਚਾਹੁੰਦੇ ਸਨ ਹੁਣ ਇਹ ਵੀ ਨਹੀਂ ਜਾਣਦੇ ਸਨ ਕਿ ਘਰ ਦੇ ਅੰਦਰ ਜਾਣ ਦਾ ਰਾਹ ਕਿਵੇਂ ਲੱਭਣ।

## ਯਹੋਵਾਹ ਦੀ ਕਿਰਪਾ ਦਾ ਪ੍ਰਦਰਸ਼ਣ: ਲੂਤ ਦਾ ਨਿਸਤਾਰਾ (19:12–22)

### ਆਪਣੇ ਜਵਾਈਆਂ ਨੂੰ ਲੂਤ ਦੀ ਚਿਤਾਉਣੀ (19:12–14)

**[12]ਤਦ ਓਹਨਾਂ ਮਨੁੱਖਾਂ ਨੇ ਲੂਤ ਨੂੰ ਆਖਿਆ, ਤੇਰੇ ਕੋਲ ਹੋਰ ਕੌਣ ਐਥੇ ਹੈ? ਆਪਣੇ ਜਵਾਈਆਂ ਅਰ ਪੁੱਤਰਾਂ ਅਰ ਧੀਆਂ ਨੂੰ ਅਰ ਉਹ ਸਭ ਕੁਝ ਜੋ ਤੇਰਾ ਏਸ ਨਗਰ ਵਿੱਚ ਹੈ ਬਾਹਰ ਲੈ ਜਾਹ। [13]ਕਿਉਂਕਿ ਅਸੀਂ ਏਸ ਥਾਂ ਨੂੰ ਏਸ ਲਈ ਨਸ਼ਟ ਕਰਨ ਵਾਲੇ ਹਾਂ ਕਿ ਓਹਨਾਂ ਦੀ ਹੁੱਗ ਯਹੋਵਾਹ ਦੇ ਅੱਗੇ ਬਹੁਤ ਵੱਧ ਗਈ ਹੈ ਅਤੇ ਯਹੋਵਾਹ ਨੇ ਸਾਨੂੰ ਇਹ ਦੇ ਨਸ਼ਟ ਕਰਨ ਲਈ ਘੱਲਿਆ ਹੈ। [14]ਉਪਰੰਤ ਲੂਤ ਨੇ ਬਾਹਰ ਜਾਕੇ ਆਪਣੇ ਜਵਾਈਆਂ ਨਾਲ ਜਿਨ੍ਹਾਂ ਨੂੰ ਉਹ ਦੀਆਂ ਧੀਆਂ ਵਿਆਹੀਆਂ ਗਈਆਂ ਸਨ ਗੱਲ ਕੀਤੀ ਅਤੇ ਆਖਿਆ, ਉੱਠੋ ਏਸ ਥਾਂ ਤੋਂ ਨਿੱਕਲੋ ਕਿਉਂਕਿ ਯਹੋਵਾਹ ਏਸ ਨਗਰ ਨੂੰ ਨਸ਼ਟ ਕਰਨ ਨੂੰ ਹੈ ਪਰ ਉਹ ਆਪਣੇ ਜਵਾਈਆਂ ਦੀਆਂ ਅੱਖੀਆਂ ਵਿੱਚ ਮਖੌਲੀਆ ਜਿਹਾ ਜਾਪਿਆ।**

**ਆਇਤਾਂ 12, 13.** ਦੂਤਾਂ ਨੇ **ਲੂਤ** ਤੋਂ ਪੁੱਛਿਆ ਕਿ ਕੀ ਉਸ ਦਾ ਕੋਈ ਹੋਰ ਰਿਸ਼ਤੇਦਾਰ ਹੈ – ਜਿਵੇਂ ਕਿ **ਜਵਾਈ** ਅਤੇ **ਪੁੱਤਰ** ਅਤੇ **ਧੀਆਂ**, ਜਾ ਪਰਿਵਾਰ ਦਾ ਕੋਈ ਹੋਰ ਮੈਂਬਰ ਜੋ **ਏਸ ਨਗਰ ਵਿੱਚ ਹੈ**। ਉੱਤੋਂ ਵੇਖਣ ਨਾਲ ਇਹ ਥੋੜਾ ਅਜੀਬ ਲੱਗਦਾ ਹੈ ਕਿ ਇਨ੍ਹਾਂ ਸੁਰਗੀ ਪ੍ਰਾਣੀਆਂ ਨੂੰ ਲੂਤ ਦੇ ਪਰਿਵਾਰ ਦੇ ਮੈਂਬਰਾਂ ਦੀ ਗਿਣਤੀ ਬਾਰੇ ਅਤੇ ਉਨ੍ਹਾਂ ਦੇ ਲਿੰਗ ਬਾਰੇ ਪਤਾ ਨਾ ਹੋਵੇ। ਜਾਂ ਤਾਂ ਯਹੋਵਾਹ ਨੇ ਉਨ੍ਹਾਂ ਨੂੰ ਇਹ ਜਾਣਕਾਰੀ ਨਹੀਂ ਦਿੱਤੀ ਸੀ ਜਾਂ ਫਿਰ ਉਨ੍ਹਾਂ ਨੇ ਇਹ ਜਾਣਕਾਰੀ ਪ੍ਰਾਪਤ ਕਰਨ ਲਈ ਆਪਣੀ ਅਲੌਕਿਕ ਸ਼ਕਤੀ ਦੀ ਵਰਤੋਂ ਨਹੀਂ ਕੀਤੀ ਸੀ।

ਜਿਵੇਂ ਕਿ ਪਹਿਲਾਂ ਵੀ ਆਖਿਆ ਗਿਆ ਹੈ ਕਿ ਆਧੁਨਿਕ ਪੱਛਮੀ ਸਮਾਜ ਵਿੱਚ ਇਨ੍ਹਾਂ ਜਵਾਨਾਂ ਦੇ ਲਈ "ਜਵਾਈ" ਸ਼ਬਦ ਸਹੀ ਵੇਰਵਾ ਨਹੀਂ ਹੈ, ਕਿਉਂਕਿ ਮੂਲਪਾਠ ਦੱਸਦਾ ਹੈ ਕਿ ਲੂਤ ਦੀਆਂ ਦੋਵੇਂ ਧੀਆਂ ਕੁਆਰੀਆਂ ਸਨ। ਪੁਰਾਤਨ ਸੰਸਾਰ ਵਿੱਚ ਜਦ ਜਵਾਨ ਲੜਕੇ-ਲੜਕੀਆਂ ਦੀ ਮੰਗਣੀ ਕੀਤੀ ਜਾਂਦੀ ਸੀ ਤਾਂ ਉਨ੍ਹਾਂ ਨੂੰ ਪਤੀ-ਪਤਨੀ ਆਖਿਆ ਜਾਂਦਾ ਸੀ, ਹਾਲਾਂਕਿ ਉਨ੍ਹਾਂ ਵਿੱਚ ਸਰੀਰਕ ਸੰਬੰਧ ਅਜੇ ਨਹੀਂ ਹੋਏ ਹੁੰਦੇ ਸਨ। ਮੰਗਣੀ ਨੂੰ ਅਸਾਨੀ ਨਾਲ ਤੋੜਿਆ ਨਹੀਂ ਜਾ ਸਕਦਾ ਸੀ। ਇਸ ਨੂੰ ਬੱਝਵਾਂ ਮੰਨਿਆ ਜਾਂਦਾ ਸੀ; ਅਤੇ ਜੇਕਰ "ਪਤੀ" ਇਹ ਫੈਸਲਾ ਲੈਂਦਾ ਸੀ ਕਿ ਉਹ ਇਸ ਵਿਆਹ ਨੂੰ ਨੇਪਰੇ ਨਹੀਂ ਚਾੜ੍ਹੇਗਾ ਤਾਂ ਉਸ ਨੂੰ ਆਪਣੀ "ਪਤਨੀ" ਨੂੰ ਤਲਾਕ ਦੇਣਾ ਪੈਂਦਾ ਸੀ (ਵੇਖੋ ਮੱਤੀ 1:18-25)। ਜਦਕਿ ਅੱਜ ਲੋਕ ਇੱਕ ਦੂਜੇ ਨਾਲ ਵਿਆਹ ਕੀਤੇ ਬਿਨਾ ਵੀ ਇਕੱਠੇ

ਰਹਿੰਦੇ ਹਨ ਅਤੇ ਨਾ ਤਾਂ ਸਮਾਜ ਵਿੱਚ ਉਨ੍ਹਾਂ ਨੂੰ ਗਲਤ ਆਖਿਆ ਜਾਂਦਾ ਹੈ ਅਤੇ ਨਾ ਹੀ ਉਨ੍ਹਾਂ ਦੇ ਸਮਾਜਕ ਦਰਜੇ ਉੱਤੇ ਕੋਈ ਫਰਕ ਪੈਂਦਾ ਹੈ, ਤਾਂ ਵੀ ਬਾਈਬਲ ਦੇ ਸਮਿਆਂ ਵਿੱਚ ਮੰਗਣੀ, ਵਿਆਹ ਅਤੇ ਜਿਨਸੀ ਸੰਬੰਧਾਂ ਨੂੰ ਐਨਾ ਹਲਕੇ ਤੌਰ 'ਤੇ ਨਹੀਂ ਲਿਆ ਜਾਂਦਾ ਸੀ। ਪੁਰਾਤਨ ਪੱਛਮੀ ਸਮਾਜ ਵਿੱਚ ਵੀ ਅਜਿਹਾ ਨਹੀਂ ਸੀ, ਇਹ ਤਾਂ ਆਧੁਨਿਕ ਸਮਿਆਂ ਵਿੱਚ ਹੀ ਅਜਿਹਾ ਹੋਇਆ ਹੈ ਅਤੇ ਇਹੋ ਜਿਹੇ ਕੰਮਾਂ ਨੂੰ ਪਰਮੇਸ਼ੁਰ ਦੀ ਪਰਵਾਨਗੀ ਕਦੇ ਨਹੀਂ ਮਿਲੇਗੀ।

ਜੇਕਰ ਲੂਤ ਨੂੰ ਲੱਗ ਰਿਹਾ ਸੀ ਕਿ ਆਪਣੇ ਘਰ ਦੇ ਅੰਦਰ ਉਸ ਨੂੰ ਸੁਰੱਖਿਆ ਮਿਲ ਜਾਵੇਗੀ, ਤਾਂ ਉਹ ਗਲਤ ਸੀ। ਦੂਤਾਂ ਨੇ ਉਸ ਨੂੰ ਤੁਰੰਤ ਚਿਤਾਉਣੀ ਦਿੱਤੀ ਕਿ ਜੇਕਰ ਉਸ ਦੇ ਪਰਿਵਾਰ ਵਿੱਚ ਹੋਰ ਕੋਈ ਮੈਂਬਰ ਹਨ ਤਾਂ ਉਹ ਉਨ੍ਹਾਂ ਨੂੰ ਤੁਰੰਤ ਨਗਰ ਤੋਂ **ਬਾਹਰ ਲੈ** ਜਾਵੇ ਕਿਉਂਕਿ ਉਨ੍ਹਾਂ ਦਾ ਇੱਕੋ ਮਿਸ਼ਨ ਸੀ ਕਿ ਉਹ **ਏਸ ਥਾਂ ਨੂੰ . . . ਨਸ਼ਟ ਕਰਨ ਵਾਲੇ** ਸਨ। ਦੂਤਾਂ ਨੇ ਲੂਤ ਨੂੰ ਦੱਸਿਆ ਸੀ ਕਿ ਸਦੂਮ ਦੇ ਆ ਰਹੇ ਵਿਨਾਸ ਦਾ ਕਾਰਣ ਕੀ ਹੈ: **ਓਹਨਾਂ ਦੀ ਹੁੱਗ ਯਹੋਵਾਹ ਦੇ ਅੱਗੇ ਬਹੁਤ ਵੱਧ ਗਈ ਹੈ** ਕਿ ਉਸ ਨੇ ਆਪਣੇ ਦੂਤਾਂ ਨੂੰ **ਇਹ ਦੇ ਨਸ਼ਟ ਕਰਨ ਲਈ ਘੱਲਿਆ ਹੈ**।

**ਆਇਤ 14. ਲੂਤ** ਤੁਰੰਤ ਆਪਣੇ ਘਰੋਂ ਨਿਕਲਿਆ ਅਤੇ **ਆਪਣੇ ਜਵਾਈਆਂ ਨਾਲ ਜਿਨ੍ਹਾਂ ਨੂੰ ਉਹ ਦੀਆਂ ਧੀਆਂ ਵਿਆਹੀਆਂ ਗਈਆਂ ਸਨ ਗੱਲ ਕੀਤੀ**। ਉਸ ਨੇ ਉਨ੍ਹਾਂ ਨੂੰ ਆਖਿਆ ਕਿ ਉਹ ਤੁਰੰਤ ਬਾਹਰ ਨਿਕਲਣ, **ਕਿਉਂਕਿ ਯਹੋਵਾਹ ਏਸ ਨਗਰ ਨੂੰ ਨਸ਼ਟ ਕਰਨ ਨੂੰ ਹੈ**। ਨਿਸ਼ਚਿਤ ਤੌਰ 'ਤੇ ਉਸ ਨੇ ਇਨ੍ਹਾਂ ਜਵਾਨਾਂ ਨੂੰ ਉਹ ਸਭ ਦੱਸਿਆ ਹੋਵੇਗਾ ਜੋ ਉਸ ਰਾਤ ਉਸ ਦੇ ਘਰ ਵਿੱਚ ਹੋਇਆ ਸੀ: ਦੋ ਪਰਦੇਸੀਆਂ ਦਾ ਆਉਣਾ, ਕ੍ਰੋਧੀ ਭੀੜ, ਉਸ ਦੇ ਪ੍ਰਾਹੁਣਿਆਂ ਦੇ ਅਤੇ ਉਸ ਦੇ ਆਪ ਦੇ ਵਿਰੁੱਧ ਦਿੱਤੀਆਂ ਗਈਆਂ ਧਮਕੀਆਂ ਅਤੇ ਇਹ ਤੱਥ ਕਿ ਪਰਮੇਸ਼ੁਰ ਹੁਣ ਸਦੂਮ ਦੇ ਲੋਕਾਂ ਦਾ ਇਹ ਲੁੱਚਾ ਵਿਹਾਰ ਬਰਦਾਸ਼ਤ ਨਹੀਂ ਕਰੇਗਾ।

ਲੂਤ ਦੀਆਂ ਗੱਲਾਂ ਦਾ ਉਸ ਦੇ **ਜਵਾਈਆਂ** ਉੱਤੇ ਕੋਈ ਅਸਰ ਨਾ ਪਿਆ ਸਗੋਂ ਉਨ੍ਹਾਂ ਨੂੰ ਉਹ **ਮਖੌਲੀਆ ਜਿਹਾ ਜਾਪਿਆ**। ਉਨ੍ਹਾਂ ਨੂੰ ਇਹ ਅਜਿਹਾ ਮਸਲਾ ਨਹੀਂ ਲੱਗਾ, ਜਿਸ ਨੂੰ ਉਹ ਗੰਭੀਰਤਾ ਨਾਲ ਲੈਣ ਅਤੇ ਉਨ੍ਹਾਂ ਨੇ ਇਸ ਨੂੰ ਉਸ ਦੀ ਮੂਰਖਤਾ ਆਖਿਆ। ਇਹ ਵਾਰਤਾ ਸਾਨੂੰ ਇਹ ਦੱਸਦੀ ਹੈ ਕਿ ਆਪਣੇ ਪਰਿਵਾਰ ਦੇ ਆਗੂ ਵਜੋਂ ਲੂਤ ਜ਼ਰਾ ਵੀ ਪ੍ਰਭਾਵਸ਼ਾਲੀ ਨਹੀਂ ਸੀ ਅਤੇ ਉਸ ਦੇ ਜਵਾਈ ਉਸ ਉੱਤੇ ਕਿੰਨਾ ਘੱਟ ਭਰੋਸਾ ਕਰਦੇ ਸਨ।

ਜੇਕਰ ਉਸ ਨੇ ਉਨ੍ਹਾਂ ਨੂੰ ਦੱਸਿਆ ਸੀ ਕਿ ਦੋ ਪਰਦੇਸੀਆਂ ਨੂੰ ਬਚਾਉਣ ਲਈ ਉਸ ਨੇ ਆਪਣੀਆਂ ਦੋਵੇਂ ਧੀਆਂ ਨੂੰ ਖਤਰੇ ਵਿੱਚ ਪਾ ਦਿੱਤਾ ਸੀ, ਤਾਂ ਉਨ੍ਹਾਂ ਦੀਆਂ ਨਜ਼ਰਾਂ ਵਿੱਚ ਉਸ ਦੀ ਰਹਿੰਦੀ-ਖੁਹੰਦੀ ਇੱਜ਼ਤ ਅਤੇ ਭਰੋਸਾ ਵੀ ਖਤਮ ਹੋ ਗਏ ਹੋਣਗੇ। ਭਾਵੇਂ ਕੁਝ ਵੀ ਹੋਇਆ ਹੋਵੇ, ਉਨ੍ਹਾਂ ਨੇ ਚਿਤਾਉਣੀ ਨੂੰ ਰੱਦ ਦਿੱਤਾ ਅਤੇ ਨਗਰ ਨੂੰ ਛੱਡਣ ਦੀ ਕੋਈ ਤਿਆਰੀ ਨਹੀਂ ਕੀਤੀ।

ਬਿਰਤਾਂਤ ਵਿੱਚ ਪਹਿਲਾਂ ਲੇਖਕ ਨੇ ਦੱਸਿਆ ਸੀ ਕਿ ਲੂਤ ਦੇ ਕੋਲ ਬਹੁਤ ਵੱਡੀ ਗਿਣਤੀ ਵਿੱਚ "ਇੱਜੜ ਅਰ ਗਾਈਆਂ ਬਲਦ ਅਰ ਤੰਬੂ" (13:5), ਬਹੁਤ ਸਾਰਾ "ਮਾਲ ਧਨ" (13:6) ਅਤੇ ਕਈ "ਪਾਲੀ" ਸਨ (13:7, 8); ਪਰ ਸੰਕਟ ਦੇ ਇਸ ਸਮੇਂ ਵਿੱਚ ਉਸ ਨੇ ਨਾ ਤਾਂ ਇਨ੍ਹਾਂ ਸੇਵਕਾਂ ਦੀ ਕੋਈ ਪਰਵਾਹ ਕੀਤੀ ਅਤੇ ਨਾ ਹੀ ਉਨ੍ਹਾਂ ਦੇ ਪਰਿਵਾਰਾਂ ਦੀ। ਉਸ ਨੇ ਦੂਤਾਂ ਨੂੰ ਵੀ ਉਨ੍ਹਾਂ ਬਾਰੇ ਨਹੀਂ ਦੱਸਿਆ ਅਤੇ ਨਾ ਹੀ ਆਪ ਜਾ ਕੇ ਉਨ੍ਹਾਂ ਨੂੰ ਉਨ੍ਹਾਂ ਦੇ ਸਿਰ 'ਤੇ ਖੜੇ ਖਤਰੇ ਬਾਰੇ ਕੋਈ ਚਿਤਾਉਣੀ ਦਿੱਤੀ ਕਿ ਉਹ ਵੀ ਉੱਥੋਂ ਭੱਜ ਜਾਂਦੇ। ਕੀ ਇਹ ਸੰਭਵ ਹੈ ਕਿ ਲੂਤ ਨੇ ਆਪਣੀ ਨਿਹਚਾ ਬਾਰੇ ਆਪਣੇ ਸੇਵਕਾਂ ਨੂੰ ਕਦੇ ਦੱਸਿਆ ਹੀ ਨਹੀਂ ਸੀ ਜਾਂ ਫਿਰ ਉਨ੍ਹਾਂ ਨੂੰ ਇਹ ਵੀ ਕਦੇ ਨਹੀਂ ਦੱਸਿਆ ਸੀ ਕਿ ਕਿਵੇਂ ਪਰਮੇਸ਼ੁਰ ਨੇ ਉਸ ਦੇ ਚਾਚੇ ਅਬਰਾਹਾਮ ਦੇ ਕਾਰਣ ਉਸ ਨੂੰ ਕਿੰਨੀਆਂ ਬਰਕਤਾਂ ਦਿੱਤੀਆਂ ਸਨ? ਕੀ ਇਹ ਸੰਭਵ ਹੈ ਕਿ ਲੂਤ ਦੁਆਰਾ ਉਨ੍ਹਾਂ ਦੀ ਅਣਦੇਖੀ

ਕੀਤੇ ਜਾਣ ਜਾਂ ਉਨ੍ਹਾਂ ਨਾਲ ਬੁਰਾ ਵਿਹਾਰ ਕੀਤੇ ਜਾਣ ਦੇ ਕਾਰਣ ਉਨ੍ਹਾਂ ਨੇ ਉਸ ਦੀ ਇੱਜ਼ਤ ਕਰਨੀ ਛੱਡ ਦਿੱਤੀ ਸੀ? ਕੀ ਉਨ੍ਹਾਂ ਨੇ ਇਹ ਸੋਚ ਲਿਆ ਸੀ ਕਿ ਸਦੂਮ ਦੇ ਨਗਰ ਵਿੱਚ ਵੱਸ ਜਾਣ ਦੀ ਉਸ ਦੀ ਚਾਹਤ ਨੇ ਇਹ ਦਰਸਾਇਆ ਸੀ ਕਿ ਉਹ ਵੀ ਸਦੂਮ ਦੀ ਦੁਸ਼ਟਤਾ ਦਾ ਸ਼ਿਕਾਰ ਹੋ ਗਿਆ ਹੈ? ਭਾਵੇਂ ਜੋ ਵੀ ਹੋਇਆ ਹੋਵੇ, ਲੂਤ ਨੂੰ ਇੱਕ ਅਜਿਹੇ ਵਿਅਕਤੀ ਵਜੋਂ ਦਰਸਾਇਆ ਗਿਆ ਹੈ ਜਿਸ ਦਾ ਆਪਣੇ ਪਰਿਵਾਰ, ਜਵਾਈਆਂ ਜਾਂ ਸੇਵਕਾਂ ਉੱਤੇ ਧਾਰਮਿਕਤਾ ਦੇ ਲਈ ਕੋਈ ਪ੍ਰਭਾਵ ਨਹੀਂ ਸੀ।

## ਲੂਤ ਦਾ ਬਚ ਕੇ ਸੋਆਰ ਨੂੰ ਜਾਣਾ (19:15–22)

**[15]ਜਦ ਸਵੇਰ ਹੋਇਆ ਤਾਂ ਓਹਨਾਂ ਦੂਤਾਂ ਨੇ ਲੂਤ ਤੋਂ ਛੇਤੀ ਕਰਾਈ ਕਿ ਉੱਠ ਆਪਣੀ
ਪਤਨੀ ਅਰ ਦੋਹਾਂ ਧੀਆਂ ਨੂੰ ਜਿਹੜੀਆਂ ਐਥੇ ਹਨ ਲੈ ਜਾਹ ਅਜਿਹਾ ਨਾ ਹੋਵੇ ਕਿ ਤੂੰ ਨਗਰ ਦੇ
ਅਪਰਾਧ ਵਿੱਚ ਨਿੱਘਰ ਜਾਵੇਂ। [16]ਜਦ ਉਹ ਢਿੱਲ ਕਰ ਰਿਹਾ ਸੀ ਤਾਂ ਉਨ੍ਹਾਂ ਮਨੁਖਾਂ ਨੇ ਯਹੋਵਾਹ
ਦੀ ਕਿਰਪਾ ਦੇ ਕਾਰਨ ਜੋ ਉਸ ਦੇ ਉੱਤੇ ਸੀ ਉਹ ਦੇ ਹੱਥ ਅਰ ਉਹ ਦੀ ਪਤਨੀ ਦੇ ਹੱਥ ਅਰ
ਉਹ ਦੀਆਂ ਦੋਹਾਂ ਧੀਆਂ ਦੇ ਹੱਥਾਂ ਨੂੰ ਫੜਕੇ ਉਨ੍ਹਾਂ ਨੂੰ ਬਾਹਰ ਪੁਚਾ ਦਿੱਤਾ। [17]ਤਾਂ ਐਉਂ ਹੋਇਆ
ਜਦ ਓਹ ਉਨ੍ਹਾਂ ਨੂੰ ਬਾਹਰ ਲੈ ਆਏ ਤਾਂ ਉਸ ਨੇ ਆਖਿਆ, ਆਪਣੀ ਜਾਨ ਲੈਕੇ ਭੱਜ ਜਾਹ।
ਆਪਣੇ ਪਿੱਛੇ ਨਾ ਵੇਖੀਂ ਅਰ ਸਾਰੇ ਦੂਣ ਵਿੱਚ ਕਿਤੇ ਨਾ ਠਹਿਰੀਂ। ਪਹਾੜ ਨੂੰ ਭੱਜ ਜਾਹ ਅਜਿਹਾ
ਨਾ ਹੋਵੇ ਕਿ ਤੂੰ ਭਸਮ ਹੋ ਜਾਵੇਂ। [18]ਪਰ ਲੂਤ ਨੇ ਉਨ੍ਹਾਂ ਨੂੰ ਆਖਿਆ, ਹੇ ਮੇਰੇ ਪ੍ਰਭੂਓ ਅਜੇਹਾ ਨਾ
ਕਰਨਾ। [19]ਵੇਖੋ ਤੁਹਾਡੇ ਦਾਸ ਉੱਤੇ ਤੁਹਾਡੀ ਕਿਰਪਾ ਦੀ ਨਿਗਾਹ ਹੋਈ ਹੈ ਅਰ ਤੁਸਾਂ ਆਪਣੀ
ਦਯਾ ਨੂੰ ਜੋ ਮੇਰੀ ਜਾਨ ਨੂੰ ਜੀਉਂਦਾ ਰੱਖਣ ਲਈ ਮੇਰੇ ਉੱਤੇ ਕੀਤੀ ਵਧਾਇਆ ਹੈ ਪਰ ਮੈਂ ਪਹਾੜ
ਤੀਕ ਨਹੀਂ ਭੱਜ ਸਕਦਾ ਮਤੇ ਮੇਰੇ ਉੱਤੇ ਕੋਈ ਬੁਰਿਆਈ ਆ ਪਵੇ ਅਰ ਮੈਂ ਮਰ ਜਾਵਾਂ। [20]ਵੇਖੋ
ਨਾ, ਇਹ ਨਗਰ ਭੱਜਣ ਲਈ ਨੇੜੇ ਹੈ ਅਰ ਇਹ ਨਿੱਕਾ ਜਿਹਾ ਵੀ ਹੈ। ਮੈਨੂੰ ਉੱਥੇ ਭੱਜ ਜਾਣ
ਦਿਓ। ਕੀ ਉਹ ਨਿੱਕਾ ਨਹੀਂ ਹੈ? ਸੋ ਮੇਰੀ ਜਾਨ ਜੀਉਂਦੀ ਰਹੂਗੀ। [21]ਤਾਂ ਉਸ ਨੇ ਉਹ ਨੂੰ
ਆਖਿਆ, ਵੇਖ ਮੈਂ ਤੈਨੂੰ ਏਸ ਗੱਲ ਵਿੱਚ ਵੀ ਮੰਨ ਲਿਆ ਹੈ। ਮੈਂ ਏਸ ਨਗਰ ਨੂੰ ਜਿਹਦੇ ਲਈ ਤੈਂ
ਗੱਲ ਕੀਤੀ ਨਹੀਂ ਢਾਵਾਂਗਾ। [22]ਛੇਤੀ ਕਰ ਉੱਥੇ ਨੂੰ ਭੱਜ ਕਿਉਂਕਿ ਮੈਂ ਕੁਝ ਨਹੀਂ ਕਰ ਸਕਦਾ ਜਦ
ਤਕ ਤੂੰ ਉੱਥੇ ਨਾ ਜਾਵੇਂ। ਏਸ ਲਈ ਉਸ ਨਗਰ ਦਾ ਨਾਉਂ ਸੋਆਰ ਰੱਖਿਆ ਗਿਆ।**

**ਆਇਤ 15.** ਜਦ ਪਹੁ ਫੁੱਟ ਰਹੀ ਸੀ, **ਦੂਤਾਂ ਨੇ ਲੂਤ ਤੋਂ ਛੇਤੀ ਕਰਾਈ ਕਿ ਆਪਣੀ ਪਤਨੀ ਅਰ ਦੋਹਾਂ ਧੀਆਂ ਨੂੰ** ਨਗਰ ਵਿੱਚੋਂ ਬਾਹਰ ਲੈ ਜਾਵੇ ਮਤੇ ਉਹ ਵੀ **ਨਗਰ ਦੇ ਅਪਰਾਧ** (עָוֹן, *ਆਵੋਨ*) **ਵਿੱਚ ਨਿੱਘਰ** ਜਾਣ। ਇਬਰਾਨੀ ਸ਼ਬਦ *ਆਵੋਨ* ਦਾ ਅਨੁਵਾਦ "ਪਾਪ," "ਅਪਰਾਧ," ਜਾਂ "ਦੋਸ਼" ਵੀ ਕੀਤਾ ਜਾ ਸਕਦਾ ਹੈ; ਇਸ ਕਰਕੇ ਇਸ ਦਾ ਕਾਰਕ ਅਤੇ ਪ੍ਰਭਾਵ ਵਾਲਾ ਦੂਹਰਾ ਅਰਥ ਨਿਕਲਦਾ ਹੈ, ਜੋ ਸੰਦਰਭ ਉੱਤੇ ਨਿਰਭਰ ਕਰਦਾ ਹੈ। ਇਸ ਆਇਤ ਵਿੱਚ ਪਾਪੀ ਕੰਮਾਂ ਦਾ ਹਵਾਲਾ ਨਹੀਂ, ਸਗੋਂ ਸਦੂਮ ਦੇ ਬੁਰੇ ਕੰਮਾਂ ਦੇ ਨਤੀਜੇ ਦਾ – ਪਰਮੇਸ਼ੁਰ ਵੱਲੋਂ ਆਈ ਸਜ਼ਾ ਦਾ – ਹਵਾਲਾ ਦਿੱਤਾ ਗਿਆ ਹੈ।[7] ਦੂਤ ਲੂਤ ਨੂੰ ਚਿਤਾਉਣੀ ਦੇ ਰਹੇ ਸਨ ਕਿ ਸਦੂਮ ਦਿਆਂ ਅਪਰਾਧਾਂ ਦਾ ਪਿਆਲਾ ਭਰ ਗਿਆ ਹੈ ਅਤੇ ਪ੍ਰਭੂ ਇਸ ਗੱਲ ਨੂੰ ਕਦੇ ਬਰਦਾਸ਼ਤ ਨਹੀਂ ਕਰੇਗਾ ਕਿ ਕੋਈ ਨਗਰ ਜਾਂ ਇਲਾਕਾ ਪਾਪ ਕਰਦਾ ਰਹੇ ਅਤੇ ਸੋਚੇ ਕਿ ਉਸ ਨੂੰ ਇਸ ਦੀ ਸਜ਼ਾ ਕਦੇ ਨਹੀਂ ਮਿਲੇਗੀ। ਸਦੂਮ ਦੇ ਪਾਪ ਵਿੱਚ ਉਹ ਸਾਰੀ ਬੁਰਿਆਈ ਸ਼ਾਮਲ ਸੀ ਜਿਹੜੀ ਯਰਦਨ ਘਾਟੀ ਵਿੱਚ ਕੀਤੀ ਜਾ ਰਹੀ ਸੀ। ਵਿਨਾਸ ਸਾਰੇ ਇਲਾਕੇ ਉੱਤੇ ਆ ਰਿਹਾ ਸੀ ਕਿਉਂਕਿ ਉੱਥੋਂ ਦੇ ਵਸਨੀਕ ਅਜਿਹੇ ਭੈੜੇ ਅਤੇ ਘੋਰ ਪਾਪ ਕਰ ਰਹੇ ਸਨ ਜਿਨ੍ਹਾਂ ਤੋਂ ਉਹ ਤੋਬਾ ਨਹੀਂ ਕਰਨਾ ਚਾਹੁੰਦੇ ਸਨ।

**ਆਇਤ 16.** ਪਰ ਫਿਰ ਵੀ, ਲੂਤ ਨਗਰ ਨੂੰ ਛੱਡਣ ਵਿੱਚ **ਢਿੱਲ ਕਰ ਰਿਹਾ ਸੀ**। ਦੂਤਾਂ ਨੇ **ਉਹ ਦੇ ਹੱਥ ਅਰ ਉਹ ਦੀ ਪਤਨੀ ਦੇ ਹੱਥ ਅਰ ਉਹ ਦੀਆਂ ਦੋਹਾਂ ਧੀਆਂ ਦੇ ਹੱਥਾਂ ਨੂੰ ਫੜ** ਲਿਆ; ਅਤੇ ਅਜਿਹਾ ਜਾਪਦਾ ਹੈ ਕਿ ਸੁਰਗੀ ਪ੍ਰਾਣੀ ਉਨ੍ਹਾਂ ਨੂੰ ਲਗਭਗ ਘਸੀਟ ਕੇ ਸਦੂਮ ਵਿੱਚੋਂ ਬਾਹਰ ਲੈ ਕੇ ਗਏ। ਲੂਤ ਅਤੇ ਉਸ ਦੇ ਪਰਿਵਾਰ ਨੂੰ ਆ ਰਹੇ ਵਿਨਾਸ ਦੀ ਚਿਤਾਉਣੀ ਦੇ ਪ੍ਰਤੀਉੱਤਰ ਵਿੱਚ ਤੁਰੰਤ ਕਾਰਵਾਈ ਕਰਨੀ ਚਾਹੀਦੀ ਸੀ, ਪਰ ਕਿਸੇ ਕਾਰਣ ਵਜੋਂ ਉਹ ਢਿੱਲ ਕਰ ਰਹੇ ਸਨ। ਹਾਲਾਂਕਿ ਉਨ੍ਹਾਂ ਨੇ ਸਦੂਮ ਦੇ ਘੋਰ ਪਾਪਾਂ ਵਿੱਚ ਕੋਈ ਹਿੱਸਾ ਨਹੀਂ ਲਿਆ ਸੀ, ਤਾਂ ਵੀ ਅਜਿਹਾ ਜਾਪਦਾ ਹੈ ਕਿ ਇਸ ਨਗਰ ਦੇ ਪ੍ਰਤੀ ਉਨ੍ਹਾਂ ਦੀ ਖਿੱਚ ਐਨੀ ਜ਼ਿਆਦਾ ਸੀ ਕਿ ਦੂਤਾਂ ਨੂੰ ਜਬਰਦਸਤੀ ਉਨ੍ਹਾਂ ਨੂੰ ਉੱਥੋਂ ਕੱਢਣਾ ਪਿਆ। ਲੇਖਕ ਇਹ ਸਪੱਸ਼ਟ ਨਹੀਂ ਕਰਦਾ ਕਿ ਲੂਤ ਅਤੇ ਉਸ ਦੇ ਪਰਿਵਾਰ ਨੂੰ ਸੁਰੱਖਿਅਤ ਥਾਂ 'ਤੇ ਭੱਜ ਜਾਣ ਵਿੱਚ ਐਨੀ ਔਖਿਆਈ ਕਿਉਂ ਹੋ ਰਹੀ ਸੀ। ਉਸ ਨੇ ਬਸ ਐਨਾ ਹੀ ਲਿਖਿਆ ਕਿ **ਯਹੋਵਾਹ ਦੀ ਕਿਰਪਾ ਦੇ ਕਾਰਨ ਜੋ ਉਸ ਦੇ ਉੱਤੇ ਸੀ** ਦੂਤਾਂ ਨੇ **ਉਨ੍ਹਾਂ ਨੂੰ ਬਾਹਰ ਪੁਚਾ ਦਿੱਤਾ**।

**ਆਇਤ 17.** ਜਦ ਦੂਤਾਂ ਨੇ ਲੂਤ ਅਤੇ ਉਸ ਦੇ ਪਰਿਵਾਰ ਨੂੰ ਨਗਰੋਂ ਬਾਹਰ ਪੁਚਾ ਦਿੱਤਾ, ਤਦ, ਉਨ੍ਹਾਂ ਵਿੱਚੋਂ ਇੱਕ ਨੇ **ਆਖਿਆ, ਆਪਣੀ ਜਾਨ ਲੈਕੇ ਭੱਜ ਜਾਹ**। 17 ਤੋਂ ਲੈ ਕੇ 22 ਆਇਤ ਤੱਕ "ਭੱਜ" ("ਨੱਸ"; NIV) ਸ਼ਬਦ ਦੀ ਵਰਤੋਂ ਪੰਜ ਵਾਰੀ ਹੋਈ ਹੈ। ਇਹ ਪਰਿਵਾਰ ਸਦੂਮ ਨੂੰ ਤੁਰੰਤ ਛੱਡਣ ਦੀ ਲੋੜ ਨੂੰ ਅਜੇ ਵੀ ਨਹੀਂ ਸਮਝਿਆ ਸੀ। ਲੂਤ ਦੇ ਪਰਿਵਾਰ ਵਿੱਚ ਅਤੇ ਦੂਤਾਂ ਵਿੱਚ ਇੱਛਾ ਸ਼ਕਤੀ ਨੂੰ ਲੈ ਕੇ ਖਿੱਚ-ਤਾਣ ਚੱਲ ਰਹੀ ਸੀ, ਜਿੱਥੇ ਪਰਿਵਾਰ ਜਾਣਾ ਨਹੀਂ ਚਾਹੁੰਦਾ ਸੀ, ਪਰ ਦੂਤ ਉਨ੍ਹਾਂ ਨੂੰ ਚੇਤੇ ਕਰਾ ਰਹੇ ਸਨ ਕਿ ਉਨ੍ਹਾਂ ਦਾ ਤੁਰੰਤ ਨਿੱਕਲਣਾ ਲਾਜ਼ਮੀ ਹੈ। ਇਸ ਤੋਂ ਇਲਾਵਾ ਸਦੂਮ ਦੇ ਇਨ੍ਹਾਂ ਸਾਬਕਾ ਵਸਨੀਕਾਂ ਨੂੰ ਆਖਿਆ ਗਿਆ ਕਿ ਉਹ ਨਾ ਤਾਂ ਭੱਜਣ ਵਿੱਚ ਦੇਰ ਕਰਨ ਅਤੇ ਨਾ ਹੀ ਪਿੱਛੇ ਮੁੜ ਕੇ ਵੇਖਣ। ਅਤੇ ਨਾ ਹੀ ਉਨ੍ਹਾਂ ਨੇ **ਸਾਰੇ ਦੂਣ** (כִּכָּר, *ਕਿੱਕਾਰ*) ਜਾਂ "ਮੈਦਾਨ" (NIV; NRSV; NEB) **ਵਿੱਚ ਕਿਤੇ** ਠਹਿਰਣ ਦਾ ਜਤਨ ਕਰਨਾ ਸੀ।

13:10 ਵਿੱਚ ਇਸ ਇਲਾਕੇ ਨੂੰ "ਯਰਦਨ ਦਾ ਮੈਦਾਨ" ਆਖਿਆ ਗਿਆ ਹੈ। ਬਿਵਸਥਾ ਸਾਰ 34:3 ਦੇ ਅਨੁਸਾਰ ਇਹ ਇਲਾਕਾ ਖਾਰੇ ਸਾਗਰ ਦੇ ਦੱਖਣ ਵਿੱਚ ਯਰੀਹੋ ਤੋਂ ਲੈ ਕਿ ਸੋਆਰ ਤੱਕ ਦਾ ਇਲਾਕਾ ਸੀ। ਦੂਤ ਦੀ ਤਾਗੀਦ ਦੇ ਅਨੁਸਾਰ ਸਦੂਮ ਉੱਤੇ ਪੈਣ ਵਾਲਾ ਵਿਨਾਸ ਉਸ ਦੇ ਚੁਫੇਰੇ ਦੇ ਨਗਰਾਂ ਉੱਤੇ ਵੀ ਪੈਣਾ ਸੀ। ਇਸ ਕਰਕੇ ਨਗਰ ਦੇ ਨੇੜਲੇ ਕਿਸੇ ਵੀ ਇਲਾਕੇ ਵਿੱਚ ਠਹਿਰਣਾ ਉਨ੍ਹਾਂ ਦੇ ਲਈ ਸੁਰੱਖਿਅਤ ਨਹੀਂ ਸੀ। ਸਗੋਂ ਜ਼ਰੂਰੀ ਸੀ ਕਿ ਉਹ ਪੂਰਬ ਵੱਲ ਨੂੰ ਮੋਆਬ ਦੇ **ਪਹਾੜ ਨੂੰ ਭੱਜ** ਜਾਣ (ਜਿਸ ਦੀ ਉਚਾਈ ਖਾਰੇ ਸਾਗਰ ਤੋਂ ਲਗਭਗ ਤਿੰਨ ਹਜ਼ਾਰ ਫੁਟ ਹੈ) ਵਰਨਾ ਉਹ ਵੀ **ਭਸਮ ਹੋ** ਜਾਣਗੇ।

**ਆਇਤਾਂ 18, 19. ਲੂਤ** ਅਜੇ ਵੀ ਉਸ ਇਲਾਕੇ ਨੂੰ ਪੂਰੀ ਤਰ੍ਹਾਂ ਛੱਡਣ ਤੋਂ ਹਿਚਕਿਚਾ ਰਿਹਾ ਸੀ। ਉਸ ਨੇ ਦੂਤਾਂ ਦੇ ਹੁਕਮ ਨੂੰ ਇਹ ਆਖ ਕੇ ਰੱਦ ਦਿੱਤਾ, **ਹੇ ਮੇਰੇ ਪ੍ਰਭੂਓ ਅਜੇਹਾ ਨਾ ਕਰਨਾ।** ਫਿਰ ਉਸ ਨੇ ਆਪਣੇ ਵੱਲੋਂ ਇੱਕ ਸੁਝਾਉ ਦਿੱਤਾ, ਜੋ ਕਿ ਇਸ ਤੱਥ ਦੇ ਪ੍ਰਕਾਸ਼ ਵਿੱਚ ਹੈਰਾਨੀਜਨਕ ਸੀ ਕਿ ਦੂਤ ਉਸ ਦੀ ਜਾਨ ਬਚਾਉਣ ਦਾ ਜਤਨ ਕਰ ਰਹੇ ਸਨ। ਲੂਤ ਉਨ੍ਹਾਂ ਦੇ ਨਿਰਦੇਸ਼ਾਂ ਦਾ ਲਗਾਤਾਰ ਵਿਰੋਧ ਕਰਦਾ ਰਿਹਾ। ਉਸ ਨੇ ਇਹ ਸ਼ੁਕਰਗੁਜ਼ਾਰੀ ਜ਼ਰੂਰ ਕੀਤੀ ਕਿ ਉਸ ਉੱਤੇ ਉਨ੍ਹਾਂ ਦੀ **ਕਿਰਪਾ** (חֵן, *ਖ਼ੇਨ*), ਜਾਂ "ਫ਼ਜ਼ਲ"[8] (ਵੇਖੋ 6:8; ਕੂਚ 33:12) **ਦੀ ਨਿਗਾਹ ਹੋਈ ਹੈ**। ਉਹ [ਉਸ ਦੀ] **ਜਾਨ ਨੂੰ ਜੀਉਂਦਾ ਰੱਖਣ ਲਈ** ਉਨ੍ਹਾਂ ਦੀ **ਦਯਾ** (חֶסֶד, *ਖ਼ੇਸੇਦ*, "ਭਲਿਆਈ, ਕਿਰਪਾ"[9]) ਲਈ ਸ਼ੁਕਰਗੁਜ਼ਾਰ ਸੀ। ਪਰ ਨਾਲ ਹੀ ਉਹ ਦੂਤਾਂ ਦੀ ਪੇਸ਼ਕਸ਼ ਨੂੰ ਇਹ ਆਖ ਕੇ ਰੱਦ ਰਿਹਾ ਸੀ ਕਿ **ਪਹਾੜ** ਬਹੁਤ ਦੂਰ ਸੀ। ਉਹ ਡਰ ਰਿਹਾ ਸੀ ਕਿ ਪਹਾੜਾਂ ਤੱਕ **ਭੱਜ** ਕੇ ਜਾਣਾ ਉਸ ਦੇ ਲਈ ਅਸੰਭਵ ਹੋਵੇਗਾ **ਮਤੇ** [ਉਸ] **ਉੱਤੇ ਕੋਈ ਬੁਰਿਆਈ ਆ ਪਵੇ** ਜਿਸ ਦੇ

ਨਤੀਜੇ ਵਜੋਂ ਉਸ ਦੀ ਮੌਤ ਹੋ ਜਾਵੇ।

**ਆਇਤ 20.** ਜਦ ਉਹ ਇੱਕ **ਨਗਰ** ਦੇ ਕੋਲ ਪੁੱਜੇ ਜਿਹੜਾ **ਨਿੱਕਾ ਜਿਹਾ** ਸੀ ਅਤੇ **ਭੱਜਣ ਲਈ ਨੇੜੇ** ਸੀ ਤਾਂ ਉਸ ਨੇ ਉੱਥੇ **ਭੱਜ ਜਾਣ** ਦੀ ਇਜਾਜ਼ਤ ਮੰਗੀ ਤਾਂ ਜੋ ਉਸ ਦੀ **ਜਾਨ ਜੀਉਂਦੀ** ਰਹਿ ਸਕੇ। ਸਦੂਮ ਦੇ ਨਿਸ਼ਚਿਤ ਹੋ ਚੁੱਕੇ ਵਿਨਾਸ ਦੇ ਕਾਰਣ ਲੂਤ ਆਪਣੇ ਭੱਜ ਕੇ ਜਾਣ ਦੇ ਸਹੀ ਮਾਰਗ ਦੇ ਲਈ ਦੂਤਾਂ ਦੇ ਨਾਲ ਬਹਿਸ ਕਰਦਾ ਰਿਹਾ। ਸਦੂਮ ਨੂੰ ਛੱਡ ਕੇ ਜਾਣ ਦੇ ਵਿਚਾਰ ਬਾਰੇ ਹਿਚਕਿਚਾਉਣ ਤੋਂ ਬਾਅਦ ਉਸ ਨੇ ਆਖਿਆ ਕਿ ਸੁਰੱਖਿਆ ਦੇ ਲਈ ਪਹਾੜਾਂ ਵਿੱਚ ਭੱਜ ਕੇ ਜਾਣ ਲਈ ਸਮਾਂ ਕਾਫੀ ਨਹੀਂ ਹੈ।

**ਆਇਤ 21.** ਅਬਰਾਹਾਮ ਦੇ ਵਿਦਰੋਹੀ ਭਤੀਜੇ ਨੂੰ ਬਚਾਉਣਾ ਬਹੁਤ ਔਖਾ ਰਿਹਾ! ਆਗਿਆਕਾਰੀ ਕਰਨ ਵਿੱਚ ਉਸ ਵੱਲੋਂ ਆਨਾਕਾਨੀ ਅਤੇ ਉਸ ਵੱਲੋਂ ਦੂਤਾਂ ਦੀ ਚਿਤਾਉਣੀ ਦਾ ਵਿਰੋਧ ਕੀਤੇ ਜਾਣ ਦੇ ਬਾਵਜੂਦ, ਕਿਰਪਾ ਦੇ ਕਾਰਣ, ਦੂਤਾਂ ਨੇ ਉਸ ਦੀ ਬੇਨਤੀ ਨੂੰ ਮੰਨ ਲਿਆ। ਲੂਤ ਨੂੰ ਭੱਜ ਕੇ ਪਹਾੜਾਂ ਵਿੱਚ ਜਾਣ ਦੇ ਹੁਕਮ ਨੂੰ ਵਾਪਸ ਲੈਂਦਿਆਂ ਯਹੋਵਾਹ ਦੇ ਪ੍ਰਤੀਨਿਧੀਆਂ ਨੇ ਯਰਦਨ ਘਾਟੀ ਦੇ ਸਾਰੇ ਨਗਰਾਂ ਨੂੰ ਨਾਸ ਕਰਨ ਦੀ ਆਪਣੀ ਯੋਜਨਾ ਵਿੱਚ ਕੁਝ ਬਦਲਾਉ ਕੀਤਾ। ਦੂਤ ਨੇ ਵਾਇਦਾ ਕੀਤਾ ਕਿ ਉਹ ਇਸ ਛੋਟੇ **ਨਗਰ** ਨੂੰ, ਜਿਸ ਵਿੱਚ ਲੂਤ ਨੇ ਆਸਰਾ ਲਿਆ ਹੈ, **ਨਹੀਂ** ਢਾਵੇਗਾ।

ਇੱਥੇ ਲੂਤ ਵੱਲੋਂ ਕੀਤੀ ਗਈ ਬੇਨਤੀ ਅਧਿਆਇ 18 ਵਿੱਚ ਅਬਰਾਹਾਮ ਵੱਲੋਂ ਕੀਤੀ ਗਈ ਬੇਨਤੀ ਦੇ ਨਾਲ ਮੇਲ ਖਾਂਦੀ ਹੈ। ਪਿਛਲੇ ਬਿਰਤਾਂਤ ਵਿੱਚ ਅਬਰਾਹਾਮ ਦੀ ਬੇਨਤੀ ਦੇ ਜਵਾਬ ਵਿੱਚ ਪਰਮੇਸ਼ੁਰ ਨੇ ਸਹਿਮਤੀ ਦਰਸਾਈ ਸੀ ਕਿ ਜੇਕਰ ਸਦੂਮ ਵਿੱਚ ਕੁਝ ਧਰਮੀ ਲੋਕ ਮਿਲਦੇ ਹਨ ਤਾਂ ਉਹ ਉੱਥੋਂ ਦੇ ਸਭ ਵਸਨੀਕਾਂ ਨੂੰ ਨਾਸ ਨਹੀਂ ਕਰੇਗਾ। ਇਸ ਬਿਰਤਾਂਤ ਵਿੱਚ ਲੂਤ ਨੇ ਯਹੋਵਾਹ ਦੇ ਸੰਦੇਸ਼ਵਾਹਕਾਂ ਨੂੰ ਮਨਾ ਲਿਆ ਕਿ ਉਹ ਯਰਦਨ ਘਾਟੀ ਦੇ ਨਗਰਾਂ ਦੇ ਵਿਨਾਸ ਦੀ ਆਪਣੀ ਯੋਜਨਾ ਵਿੱਚ ਥੋੜੀ ਜਿਹੀ ਢਿੱਲ ਪਾਉਣ ਤਾਂ ਜੋ ਉਹ ਪਹਾੜਾਂ ਵਿੱਚ ਆਸਰਾ ਲੈਣ ਲਈ ਸੁਰੱਖਿਅਤ ਪੁੱਜ ਜਾਵੇ। ਸ਼ਾਇਦ ਦੂਤ ਲੂਤ ਨੂੰ ਇਹ ਕਹਿਣਾ ਚਾਹੁੰਦੇ ਹੋਣਗੇ ਕਿ ਜੇਕਰ ਉਹ ਬਹਿਸ ਕਰਨ ਵਿੱਚ ਐਨਾ ਸਮਾਂ ਬਰਬਾਦ ਨਾ ਕਰਦਾ ਤਾਂ ਉੱਥੇ ਪੁੱਜਣ ਲਈ ਉਸ ਦੇ ਕੋਲ ਬਹੁਤ ਸਮਾਂ ਸੀ।

**ਆਇਤ 22.** ਯਹੋਵਾਹ ਦੀ ਕਿਰਪਾ ਦੀ ਜਿੱਤ ਹੋਈ ਅਤੇ ਇਸ ਨਗਰ ਦੇ ਲੋਕਾਂ ਉੱਤੇ ਪਰਮੇਸ਼ੁਰ ਦੀ ਸਜ਼ਾ ਨਹੀਂ ਪਈ (ਵੇਖੋ ਯਾਕੂਬ 2:13)। ਇੱਕ ਦੂਤ ਨੇ ਲੂਤ ਨੂੰ ਆਖਿਆ ਕਿ **ਛੇਤੀ ਕਰ** ਅਤੇ **ਭੱਜ** ਜਾ ਕਿਉਂਕਿ **ਮੈਂ ਕੁਝ ਨਹੀਂ ਕਰ ਸਕਦਾ ਜਦ ਤਕ ਤੂੰ ਉੱਥੇ ਨਾ ਜਾਵੇਂ**।

ਫਿਰ ਬਾਕੀ ਦੀ ਆਇਤ ਦੱਸਦੀ ਹੈ ਕਿ **ਏਸ ਲਈ ਉਸ ਨਗਰ ਦਾ ਨਾਉਂ ਸੋਆਰ ਰੱਖਿਆ ਗਿਆ**। NIV ਨੇ ਇਸ ਵਾਕ ਨੂੰ ਬਰੈਕਟਾਂ ਵਿੱਚ ਲਿਖਿਆ ਹੈ: "(ਇਸੇ ਕਰਕੇ ਉਸ ਨਗਰ ਦਾ ਨਾਮ ਸੋਆਰ ਰੱਖਿਆ ਗਿਆ।)" ਇਸ ਨਾਮ ਵਿੱਚ ਸ਼ਬਦਾਂ ਦੀ ਇੱਕ ਖੇਡ ਹੈ, ਕਿਉਂ ਜੋ "ਸੋਆਰ" ਦਾ ਅਰਥ ਹੈ "ਨਿੱਕਾ" (ਵੇਖੋ 19:20)। ਇਹ ਸਥਾਨ ਖਾਰੇ ਸਾਗਰ ਦੇ ਦੱਖਣ ਵਿੱਚ ਸੀ ਜਿਹੜਾ ਮੋਆਬ ਦੇ ਪਹਾੜੀ ਪਠਾਰ ਦੇ ਰਾਹ ਵਿੱਚ ਸੀ।

## ਯਹੋਵਾਹ ਦੇ ਨਿਆਉਂ ਦੀ ਪੂਰਤੀ (19:23–29)

**[23]ਸੂਰਜ ਧਰਤੀ ਉੱਤੇ ਚੜ੍ਹਿਆ ਹੀ ਸੀ ਕਿ ਲੂਤ ਸੋਆਰ ਵਿੱਚ ਜਾ ਵੜਿਆ। [24]ਅਤੇ ਯਹੋਵਾਹ ਨੇ ਸਦੂਮ ਅਰ ਅਮੂਰਾਹ ਉੱਤੇ ਗੰਧਕ ਅਰ ਅੱਗ ਯਹੋਵਾਹ ਦੀ ਵੱਲੋਂ ਅਕਾਸ਼ ਤੋਂ ਬਰਸਾਈ। [25]ਅਤੇ ਉਸ ਨੇ ਇਨ੍ਹਾਂ ਨਗਰਾਂ ਨੂੰ ਅਰ ਸਾਰੇ ਦੂਣ ਨੂੰ ਅਰ ਨਗਰਾਂ ਦੇ ਵਸਨੀਕਾਂ ਨੂੰ**

**ਅਰ ਜ਼ਮੀਨ ਦੀ ਅੰਗੂਰੀ ਨੂੰ ਨਸ਼ਟ ਕਰ ਸੁੱਟਿਆ। 26ਪਰ ਉਸ ਦੀ ਪਤਨੀ ਨੇ ਪਿੱਛੇ ਮੁੜਕੇ ਡਿੱਠਾ ਤਾਂ ਉਹ ਲੂਣ ਦਾ ਥੰਮ ਬਣ ਗਈ। 27ਅਬਰਾਹਾਮ ਸਵੇਰੇ ਹੀ ਉੱਠਕੇ ਉਸ ਥਾਂ ਨੂੰ ਜਿੱਥੇ ਉਹ ਯਹੋਵਾਹ ਦੇ ਸਨਮੁਖ ਖੜ੍ਹਾ ਹੋਇਆ ਸੀ ਗਿਆ। 28ਜਾਂ ਉਸ ਨੇ ਸਦੂਮ ਅਰ ਅਮੂਰਾਹ ਵੱਲ ਅਰ ਦੂਣ ਦੀ ਸਾਰੀ ਧਰਤੀ ਵੱਲ ਡਿੱਠਾ ਤਾਂ ਵੇਖੋ ਧਰਤੀ ਦਾ ਧੂੰਆਂ ਭੱਠੀ ਦੇ ਧੂੰਏਂ ਵਾਂਗਰ ਉੱਠ ਰਿਹਾ ਸੀ। 29ਸੋ ਐਉਂ ਹੋਇਆ ਜਦ ਪਰਮੇਸ਼ੁਰ ਨੇ ਦੂਣ ਦੇ ਨਗਰਾਂ ਨੂੰ ਨਸ਼ਟ ਕੀਤਾ ਤਾਂ ਪਰਮੇਸ਼ੁਰ ਨੇ ਅਬਰਾਹਾਮ ਨੂੰ ਚੇਤੇ ਕੀਤਾ ਅਰ ਲੂਤ ਨੂੰ ਉਸ ਬਰਬਾਦੀ ਦੇ ਵਿੱਚੋਂ ਕੱਢਿਆ ਜਦ ਉਸ ਨੇ ਉਨ੍ਹਾਂ ਨਗਰਾਂ ਨੂੰ ਜਿੱਥੇ ਲੂਤ ਵਸਦਾ ਸੀ ਨਸ਼ਟ ਕਰ ਸੁੱਟਿਆ।**

**ਆਇਤ 23.** ਇਹ ਆਇਤ ਇੱਕ ਤਬਦੀਲੀ ਵਜੋਂ ਕੰਮ ਕਰਦੀ ਹੈ। ਇਸ ਨੂੰ ਪਿਛਲੇ ਪੈਰੇ ਦੇ ਸਮਾਪਨ ਵਜੋਂ ਸਮਝਿਆ ਜਾ ਸਕਦਾ ਹੈ (19:15-22), ਜੋ **ਲੂਤ** ਦੇ **ਸੋਆਰ ਵਿੱਚ** ਸੁਰੱਖਿਅਤ ਪੁੱਜ ਜਾਣ ਬਾਰੇ ਦੱਸਦਾ ਹੈ (ਵੇਖੋ RSV; NRSV)। ਦੂਜੇ ਪਾਸੇ ਇਸ ਨੂੰ ਇਸ ਭਾਗ (19:23-29) ਦੇ ਅਰੰਭ ਵਜੋਂ ਵੀ ਵੇਖਿਆ ਜਾ ਸਕਦਾ ਹੈ, ਜੋ ਸਦੂਮ ਅਤੇ ਅਮੂਰਾਹ ਦੇ ਵਿਨਾਸ ਦੇ ਸਮੇਂ ਦਾ ਹਵਾਲਾ ਦਿੰਦੀ ਹੈ (ਜਦ **ਸੂਰਜ ਧਰਤੀ ਉੱਤੇ ਚੜ੍ਹਿਆ ਹੀ ਸੀ**)।[10] NASB ਸਮੇਤ ਜ਼ਿਆਦਾਤਰ ਅਨੁਵਾਦ ਇਸ ਬਾਅਦ ਵਾਲੇ ਦ੍ਰਿਸ਼ਟੀਕੋਣ ਦਾ ਸਮਰਥਨ ਕਰਦੇ ਹਨ।

**ਆਇਤ 24.** ਪਰਮੇਸ਼ੁਰ ਨੇ ਦੂਤਾਂ ਵੱਲੋਂ ਲੂਤ ਨੂੰ ਦਿੱਤੇ ਗਏ ਵਾਇਦੇ ਦਾ ਸਤਿਕਾਰ ਕੀਤਾ ਅਤੇ ਦੁਸ਼ਟ ਨਗਰਾਂ ਦਾ ਵਿਨਾਸ ਉਦੋਂ ਤੱਕ ਅਰੰਭ ਨਹੀਂ ਹੋਇਆ ਜਦੋਂ ਤੱਕ ਅਬਰਾਹਾਮ ਦਾ ਭਤੀਜਾ ਸੁਰੱਖਿਅਤ ਸੋਆਰ ਨਹੀਂ ਪੁੱਜ ਗਿਆ। **ਯਹੋਵਾਹ ਨੇ ਸਦੂਮ ਅਰ ਅਮੂਰਾਹ ਉੱਤੇ ਗੰਧਕ ਅਰ ਅੱਗ ਯਹੋਵਾਹ ਦੀ ਵੱਲੋਂ ਅਕਾਸ਼ ਤੋਂ ਬਰਸਾਈ।** ਹਾਲਾਂਕਿ "ਗੰਧਕ ਅਰ ਅੱਗ" גָּפְרִית וָאֵשׁ (*ਗਾਪ੍ਰਿਥ ਵਾਏਸ਼*) ਦਾ ਪ੍ਰਸਿੱਧ ਅਨੁਵਾਦ ਹੈ, ਤਾਂ ਵੀ ਇਸ ਇਬਰਾਨੀ ਸ਼ਬਦ ਦਾ ਬਿਹਤਰ ਅਨੁਵਾਦ "ਬਲਦੀ ਹੋਈ ਗੰਧਕ" (NIV) ਜਾਂ "ਗੰਧਕ ਨਾਲ ਭਰੀ ਅੱਗ" (NJPSV) ਹੋ ਸਕਦਾ ਹੈ।

ਪਰਮੇਸ਼ੁਰ ਨੇ ਇਹ ਕਿਵੇਂ ਕੀਤਾ? ਇੱਕ ਸੰਭਵ ਵਿਆਖਿਆ ਇਹ ਹੈ ਕਿ ਉਸ ਨੇ ਇੱਕ ਜਬਰਦਸਤ ਭੁਚਾਲ ਦੀ ਵਰਤੋਂ ਕੀਤੀ ਜਿਸ ਦੇ ਕਾਰਣ ਗਰਮ ਗੈਸਾਂ, ਗੰਧਕ ਅਤੇ ਡਾਮਰ (ਅਸਫ਼ਾਲਟ ਜਾਂ ਲੁੱਕ; ਵੇਖੋ 14:10) ਉਨ੍ਹਾਂ ਤਰੇੜਾਂ ਵਿੱਚੋਂ ਧਮਾਕੇ ਨਾਲ ਬਾਹਰ ਨਿਕਲੇ ਜੋ ਭੁਚਾਲ ਦੇ ਕਾਰਣ ਧਰਤੀ ਵਿੱਚ ਪੈ ਗਈਆਂ ਸਨ।[11] ਉਸ ਨੇ ਇਨ੍ਹਾਂ ਗੈਸਾਂ ਵਿੱਚ ਧਮਾਕਾ ਕਰਨ ਲਈ ਬਿਜਲੀ ਦੀ ਵਰਤੋਂ ਕੀਤੀ ਹੋਵੇਗੀ ਅਤੇ ਫਿਰ ਭਖਦਾ ਡਾਮਰ ਸਾਰੀ ਘਾਟੀ ਵਿੱਚ ਫੈਲ ਗਿਆ ਹੋਵੇਗਾ।[12]

**ਆਇਤ 25.** ਜਦਕਿ ਸੰਭਵ ਹੈ ਕਿ ਯਹੋਵਾਹ ਨੇ ਕੁਦਰਤੀ ਤਾਕਤਾਂ ਦੀ ਵਰਤੋਂ ਕੀਤੀ ਹੋਵੇ, ਤਾਂ ਵੀ ਅਸਲ ਵਿੱਚ ਇਹ ਉਸ ਦੀ ਆਪਣੀ ਰੱਬੀ ਸ਼ਕਤੀ ਸੀ ਜਿਸ ਦੇ ਦੁਆਰਾ **ਉਸ ਨੇ** ਸਦੂਮ ਅਤੇ ਅਮੂਰਾਹ, ਸਾਰੇ **ਦੂਣ** ਅਤੇ **ਨਗਰਾਂ ਦੇ ਵਸਨੀਕਾਂ ਨੂੰ ਨਸ਼ਟ ਕਰ ਸੁੱਟਿਆ**। ਇਸ ਭਾਂਬੜ ਦੇ ਵਿੱਚ **ਜ਼ਮੀਨ ਦੀ ਅੰਗੂਰੀ** ਵੀ ਸੜ ਕੇ ਸੁਆਹ ਹੋ ਗਈ।

**ਆਇਤ 26.** ਉਸ ਇਲਾਕੇ ਦੇ ਸਾਰੇ ਵਸਨੀਕਾਂ ਵਿੱਚੋਂ ਵਿਨਾਸ ਤੋਂ ਬਚਣ ਵਾਲੇ ਲੋਕ ਸਿਰਫ ਲੂਤ ਅਤੇ ਉਸ ਦੀਆਂ ਧੀਆਂ ਸਨ, ਜੋ ਨਿੱਕੇ ਜਿਹੇ ਨਗਰ ਸੋਆਰ ਵਿੱਚ ਸਨ। ਲੂਤ ਦੀ **ਪਤਨੀ** ਇਸ ਕਰਕੇ ਨਾਸ ਹੋ ਗਈ ਕਿਉਂਕਿ ਉਹ **ਉਸ ਦੇ ਪਿੱਛੇ ਸੀ** ਜਦ ਉਹ ਭੱਜ ਰਹੇ ਸਨ ਅਤੇ ਉਸ ਨੇ **ਪਿੱਛੇ ਮੁੜਕੇ** ਵੇਖਣ ਦੀ ਘਾਤਕ ਗਲਤੀ ਕੀਤੀ ਸੀ, ਜੋ ਉਸ ਹੁਕਮ ਦੇ ਉਲਟ ਸੀ ਜਿਹੜਾ ਆਇਤ 17 ਵਿੱਚ ਦਿੱਤਾ ਗਿਆ ਸੀ। ਪਿੱਛੇ ਮੁੜ ਕੇ ਆਪਣੇ ਘਰ ਨੂੰ ਆਖਰੀ ਵਾਰ ਵੇਖਣ ਦੀ ਗਲਤੀ ਕਰਕੇ ਉਹ ਸੋਆਰ ਦੀ ਸੁਰੱਖਿਆ ਵਿੱਚ ਨਹੀਂ ਪਹੁੰਚ ਸਕੀ ਅਤੇ ਨਾਸ ਹੋ ਗਈ ਕਿਉਂਕਿ

ਉਹ **ਲੂਣ ਦਾ ਥੰਮ ਬਣ ਗਈ**। ਇਹ ਵੇਰਵਾ ਜੋ “ਨਿਆਉਂ ਦੇ ਸੰਦਰਭ ਵਿੱਚ” ਇਸਤੇਮਾਲ ਕੀਤਾ ਗਿਆ ਹੈ, “ਇੱਕ ਤਸਵੀਰ ਵਿੱਚ ਉਨ੍ਹਾਂ ਦੀ ਨਿਯਤੀ ਨੂੰ ਪਰਗਟ ਕਰਦਾ ਹੈ ਜੋ ਪਿਛਾਂਹ ਮੁੜ ਜਾਂਦੇ ਹਨ (*ਤੁਲਨਾ ਕਰੋ* ਇਬਰਾਨੀਆਂ 10:38, 39; ਲੂਕਾ 17:31-33)।”[13]

ਕੁਝ ਲੋਕ ਕਿਆਸ ਲਗਾਉਂਦੇ ਹਨ ਕਿ ਲੂਤ ਦੀ ਪਤਨੀ ਭਾਂਬੜ ਦੇ ਇੱਕ ਧਮਾਕੇ ਵਿੱਚ ਨਾਸ ਹੋ ਗਈ ਸੀ ਅਤੇ ਉਸ ਮਲਬੇ ਹੇਠ ਦੱਬੀ ਗਈ ਸੀ ਜਿਹੜਾ ਉਸ ਦੇ ਉੱਤੇ ਡਿੱਗਿਆ ਸੀ, ਜਿਸ ਵਿੱਚ ਲੂਣ ਦੇ ਅੰਸ਼ ਵੀ ਸ਼ਾਮਲ ਸਨ, ਜਿਸ ਨਾਲ ਖਾਰੇ ਸਾਗਰ ਦੇ ਦੱਖਣ-ਪੱਛਮ ਦਾ ਵੱਡਾ ਇਲਾਕਾ ਭਰਿਆ ਪਿਆ ਹੈ। ਉੱਥੇ ਨੌਂ ਮੀਲ ਲੰਮਾ ਅਤੇ ਇੱਕ ਮੀਲ ਚੌੜਾ ਲੂਣ ਦਾ ਇੱਕ ਪਹਾੜ ਵੇਖਿਆ ਜਾ ਸਕਦਾ ਹੈ। ਇਸ ਨੂੰ ਸਦੂਮ ਪਰਬਤ ਆਖਿਆ ਜਾਂਦਾ ਹੈ ਅਤੇ ਇਸ ਵਿੱਚ ਲੂਣ ਦੇ ਟਿੱਲੇ ਹਨ – ਜਿਸ ਵਿੱਚ ਮੁੱਢਲੇ ਤੌਰ ’ਤੇ ਸੋਡਿਅਮ ਕਲੋਰਾਈਡ (ਖਾਣ ਵਾਲਾ ਲੂਣ) ਅਤੇ ਮਿੱਟੀ ਮਿਲੀ ਹੋਈ ਹੈ – ਜੋ ਹਜ਼ਾਰਾਂ ਵਰ੍ਹੇ ਪਹਿਲਾਂ ਧਰਤੀ ਦੇ ਹੇਠੋਂ ਨਿਕਲਿਆ ਸੀ। ਇਸ ਵਿੱਚ ਲੂਣ ਦੇ ਕੁਝ ਥੰਮ੍ਹ ਅਤੇ ਅਜੀਬ ਬਣਤਰਾਂ ਹਨ ਅਤੇ ਨਿਰੀਖਕਾਂ ਨੇ ਇਨ੍ਹਾਂ ਵਿੱਚੋਂ ਇੱਕ ਤੋਂ ਜ਼ਿਆਦਾ ਨੂੰ ਲੂਤ ਦੀ ਪਤਨੀ ਆਖਿਆ ਹੈ।

ਅਪੋਕ੍ਰਿਫਾ ਦੀ ਇੱਕ ਪੁਸਤਕ, ਸੁਲੇਮਾਨ ਦੀ ਬੁੱਧੀ (ਪਹਿਲੀ ਸਦੀ ਈ.ਪੂ. ਵਿੱਚੋਂ) ਵਿੱਚ ਲੇਖਕ ਨੇ ਲੂਤ ਦੇ ਸਮੇਂ ਹੋਏ ਵਿਨਾਸ ਦਾ ਜ਼ਿਕਰ ਕਰਦਿਆਂ ਲਿਖਿਆ ਕਿ ਇਸ ਦੇ ਕਾਰਣ ਖਾਰੇ ਸਾਗਰ ਦੇ ਚੁਫੇਰੇ ਦਾ ਇਲਾਕਾ ਇੱਕ “ਭੱਖਦਾ ਉਜਾੜ” ਹੋ ਗਿਆ। ਫਿਰ ਉਸ ਨੇ ਇਹ ਵੀ ਲਿਖਿਆ ਕਿ ਉੱਥੇ “ਲੂਣ ਦਾ ਇੱਕ ਥੰਮ੍ਹ ਖੜਾ ਹੈ ਜੋ ਇੱਕ ਅਵਿਸ਼ਵਾਸੀ ਪ੍ਰਾਣੀ ਦਾ ਸਮਾਰਕ ਹੈ।”[14] ਇਸੇ ਤਰ੍ਹਾਂ ਪਹਿਲੀ ਸਦੀ ਈਸਵੀ ਵਿੱਚ ਜੋਸੇਫਸ ਨੇ ਇੱਕ “ਲੂਣ ਦਾ ਥੰਮ੍ਹ” ਵੇਖਣ ਦਾ ਦਾਅਵਾ ਕੀਤਾ; ਅਤੇ ਉਸ ਨੇ ਇਹ ਵੀ ਦਾਅਵਾ ਕੀਤਾ ਕਿ ਇਹ ਅਜੇ ਵੀ ਉੱਥੇ ਮੌਜੂਦ ਹੈ ਜਿਸ ਨੂੰ ਸੈਲਾਨੀ ਵੇਖ ਸਕਦੇ ਹਨ।[15] ਹਾਲਾਂਕਿ ਅੱਜ ਜਿਹੜੇ ਸੈਲਾਨੀ ਸਦੂਮ ਪਰਬਤ ’ਤੇ ਜਾਂਦੇ ਹਨ ਉਹ ਉੱਥੇ ਲੂਣ ਦੇ ਥੰਮ੍ਹ ਅਤੇ ਬਣਤਰਾਂ ਵੇਖ ਸਕਦੇ ਹਨ, ਤਾਂ ਵੀ ਇਸ ਦਾਅਵੇ ਦਾ ਸਮਰਥਨ ਕਰਨ ਦੇ ਕੋਈ ਠੋਸ ਪ੍ਰਮਾਣ ਮੌਜੂਦ ਨਹੀਂ ਹਨ ਕਿ ਉਨ੍ਹਾਂ ਵਿੱਚੋਂ ਕੋਈ ਇੱਕ ਲੂਤ ਦੀ ਪਤਨੀ ਹੈ।

**ਆਇਤ 27.** ਇਸ ਬਿੰਦੂ ’ਤੇ ਬਿਰਤਾਂਤ ਵਿੱਚ **ਅਬਰਾਹਾਮ** ਮੁੜ ਦਿਖਾਈ ਦਿੰਦਾ ਹੈ। ਉਹ **ਸਵੇਰੇ ਹੀ ਉੱਠਕੇ** ਤਿੰਨ ਮੀਲ ਦਾ ਸਫਰ ਤੈਅ ਕਰਕੇ ਉਸ ਥਾਂ ’ਤੇ ਜਾਂਦਾ ਹੈ **ਜਿੱਥੇ ਉਹ ਯਹੋਵਾਹ ਦੇ ਸਨਮੁਖ ਖੜਾ ਹੋਇਆ ਸੀ** (18:22)।

**ਆਇਤ 28.** ਜਦ **ਉਸ ਨੇ ਸਦੂਮ ਅਰ ਅਮੂਰਾਹ ਵੱਲ ਅਰ** ਯਰਦਨ ਦੀ **ਦੂਣ ਦੀ ਸਾਰੀ ਧਰਤੀ ਵੱਲ ਡਿੱਠਾ,** ਤਾਂ ਉਸ ਨੇ ਵੇਖਿਆ ਕਿ **ਧਰਤੀ ਦਾ ਧੂੰਆਂ ਭੱਠੀ ਦੇ ਧੂੰਏਂ ਵਾਂਗਰ ਉੱਠ ਰਿਹਾ ਸੀ**। ਉਸ ਨੇ ਉੱਜੜ ਚੁੱਕੇ ਇਲਾਕੇ ਵਿੱਚੋਂ ਗਾੜਾ ਧੂੰਆਂ ਉੱਠਦਾ ਵੇਖਿਆ। “ਭੱਠੀ” כִּבְשָׁן (*ਕਿਬਸ਼ਾਨ*) ਸ਼ਬਦ ਉਸ ਭੱਠੇ ਦਾ ਹਵਾਲਾ ਹੈ ਜਿਸ ਵਿੱਚ ਭਾਂਡੇ ਪਕਾਉਣ ਲਈ ਬਹੁਤ ਜ਼ਿਆਦਾ ਤਾਪ ਦੀ ਲੋੜ ਪੈਂਦੀ ਹੈ।[16] ਇਸ ਉਜਾੜ ਨੂੰ ਵੇਖ ਕੇ ਅਬਰਾਹਾਮ ਨੇ ਸ਼ਾਇਦ ਅੰਦਾਜ਼ਾ ਲਗਾਇਆ ਹੋਵੇਗਾ ਕਿ ਉਸ ਸਾਰੇ ਇਲਾਕੇ ਦੀ ਅਬਾਦੀ ਦੇ ਨਾਲ-ਨਾਲ ਲੂਤ ਅਤੇ ਉਸ ਦਾ ਪਰਿਵਾਰ ਵੀ ਸੜ ਕੇ ਸੁਆਹ ਹੋ ਗਏ ਹਨ, ਹਾਲਾਂਕਿ ਉਸ ਨੇ ਪ੍ਰਭੂ ਅੱਗੇ ਬੇਨਤੀ ਕੀਤੀ ਸੀ ਕਿ ਉਹ ਉਨ੍ਹਾਂ ਨੂੰ ਬਖਸ਼ ਦੇਵੇ। ਹਾਲਾਂਕਿ ਬਾਈਬਲ ਦਾ ਲੇਖਕ ਜਾਣਦਾ ਹੋਵੇਗਾ, ਪਰ ਮੂਲਪਾਠ ਸਾਨੂੰ ਇਹ ਨਹੀਂ ਦੱਸਦਾ ਕਿ ਅਬਰਾਹਾਮ ਨੂੰ ਕਦੇ ਇਹ ਪਤਾ ਲੱਗਾ ਕਿ ਨਹੀਂ ਭਈ ਉਸ ਦਾ ਭਤੀਜਾ ਸੁਰੱਖਿਅਤ ਸੀ।

**ਆਇਤ 29.** ਇਹ ਭਾਗ ਇਸ ਵਾਰਤਾ ਦੇ ਸਾਰ ਨਾਲ ਸਮਾਪਤ ਹੁੰਦਾ ਹੈ ਜਿਸ ਨੂੰ ਲੇਖਕ ਪੂਰਾ ਸੁਣਾ ਚੁੱਕਾ ਹੈ। ਇਹ ਉਸ ਪ੍ਰਸ਼ਨ ਦਾ ਉੱਤਰ ਦਿੰਦਾ ਹੈ ਜਿਹੜਾ ਅਬਰਾਹਾਮ ਨੇ 18:23-33 ਵਿੱਚ ਪੁੱਛਿਆ ਸੀ। ਅਬਰਾਹਾਮ ਦੁਆਰਾ ਧਰਮੀਆਂ ਦੇ ਲਈ ਕੀਤੀ ਗਈ ਵਿਚੋਲਗੀ ਸਫਲ

ਹੋਈ ਸੀ। ਮੂਲਪਾਠ ਆਖਦਾ ਹੈ ਕਿ **ਜਦ ਪਰਮੇਸ਼ੁਰ ਨੇ ਦੂਣ ਦੇ ਨਗਰਾਂ ਨੂੰ ਨਸ਼ਟ ਕੀਤਾ ਤਾਂ ਪਰਮੇਸ਼ੁਰ ਨੇ ਅਬਰਾਹਾਮ ਨੂੰ ਚੇਤੇ ਕੀਤਾ ਅਰ ਲੂਤ ਨੂੰ ਉਸ ਬਰਬਾਦੀ ਦੇ ਵਿੱਚੋਂ ਕੱਢਿਆ।** ਅਬਰਾਹਾਮ ਨੂੰ ਚੇਤੇ ਕਰਕੇ ਪਰਮੇਸ਼ੁਰ ਨੇ ਲੂਤ ਨੂੰ ਚੇਤੇ ਕੀਤਾ। ਅਬਰਾਹਾਮ ਦਾ ਭਤੀਜਾ ਅਤੇ ਉਸ ਦੀਆਂ ਧੀਆਂ ਦੀ ਜਾਨ ਬਖਸ਼ੀ ਗਈ ਸੀ ਕਿਉਂਕਿ ਅਬਰਾਹਾਮ ਨੇ ਯਹੋਵਾਹ ਅੱਗੇ ਵਿਚੋਲਗੀ ਕੀਤੀ ਸੀ ਕਿ ਧਰਮੀਆਂ ਦੀ ਜਾਨ ਬਖਸ਼ੀ ਜਾਵੇ। ਪਰ ਫਿਰ ਵੀ ਇਹ ਲੂਤ ਦੀ ਧਾਰਮਿਕਤਾ ਸਦਕਾ ਨਹੀਂ, ਸਗੋਂ ਅਬਰਾਹਾਮ ਦੀ ਧਾਰਮਿਕਤਾ ਸਦਕਾ ਹੋਇਆ ਸੀ, ਕਿ ਪਰਮੇਸ਼ੁਰ ਨੇ ਲੂਤ ਅਤੇ ਉਸ ਦੇ ਪਰਿਵਾਰ ਉੱਤੇ ਕਿਰਪਾ ਦੀ ਨਿਗਾਹ ਕੀਤੀ। ਉਨ੍ਹਾਂ ਦੇ ਲਈ ਵਿਚੋਲਗੀ ਕਰਕੇ ਅਬਰਾਹਾਮ ਨੇ ਉਨ੍ਹਾਂ ਨੂੰ ਇਹ ਅਸੀਸ ਬਖਸ਼ੀ ਸੀ ਕਿ ਉਹ ਉਨ੍ਹਾਂ **ਨਗਰਾਂ** ਦੇ "ਨਸ਼ਟ" ਹੋਣ ਵਿੱਚ ਬਚ ਗਏ ਸਨ।

ਆਇਤ 29 ਦਾ ਭਾਵ ਇਹ ਵੀ ਹੋ ਸਕਦਾ ਹੈ ਕਿ ਸ਼ਾਇਦ ਪਰਮੇਸ਼ੁਰ ਨੇ ਅਬਰਾਹਾਮ ਨੂੰ ਇਹ ਦੱਸ ਦਿੱਤਾ ਹੋਵੇ ਕਿ ਉਸ ਦਾ ਭਤੀਜਾ ਸੁਰੱਖਿਅਤ ਹੈ, ਤਾਂ ਜੋ ਉਸ ਦੇ ਹਿਰਦੇ ਨੂੰ ਸ਼ਾਂਤੀ ਮਿਲ ਸਕੇ। ਪਰ ਫਿਰ ਵੀ ਮੂਲਪਾਠ ਵਿੱਚ ਅਜਿਹਾ ਸਾਫ ਤੌਰ 'ਤੇ ਨਹੀਂ ਲਿਖਿਆ ਹੈ; ਅਤੇ 19:30-38 ਵਿੱਚ ਆਪਣੀਆਂ ਧੀਆਂ ਨਾਲ ਜਿਨਸੀ ਸੰਬੰਧ ਬਣਾਉਣ ਮਗਰੋਂ ਲੂਤ ਵਾਰਤਾ ਵਿੱਚੋਂ ਗਾਇਬ ਹੋ ਜਾਂਦਾ ਹੈ ਅਤੇ ਉਤਪਤ ਦੀ ਬਾਕੀ ਦੀ ਪੁਸਤਕ ਵਿੱਚ ਉਸ ਦਾ ਜ਼ਿਕਰ ਦੁਬਾਰਾ ਕਦੇ ਨਹੀਂ ਹੁੰਦਾ।

## ਲੂਤ ਦੁਆਰਾ ਆਪਣੀਆਂ ਧੀਆਂ ਨਾਲ ਜਿਨਸੀ ਸੰਬੰਧਾਂ ਦਾ ਲੇਖਾ ਦਰਜ ਹੋਣਾ (19:30–38)

**[30]ਫੇਰ ਲੂਤ ਸੋਆਰ ਤੋਂ ਉੱਪਰ ਜਾਕੇ ਆਪਣੀਆਂ ਦੋਹਾਂ ਧੀਆਂ ਸਣੇ ਪਹਾੜ ਉੱਤੇ ਵੱਸਿਆ
ਕਿਉਂਕਿ ਉਹ ਸੋਆਰ ਵਿੱਚ ਵੱਸਣ ਤੋਂ ਡਰਦਾ ਸੀ ਸੋ ਉਹ ਅਰ ਉਹ ਦੀਆਂ ਦੋਵੇਂ ਧੀਆਂ ਇੱਕ
ਖੁੰਧਰ ਵਿੱਚ ਵੱਸਣ ਲੱਗ ਪਏ। [31]ਪਲੋਠੀ ਨੇ ਛੋਟੀ ਨੂੰ ਆਖਿਆ, ਸਾਡਾ ਪਿਤਾ ਬੁੱਢਾ ਹੈ ਅਰ
ਧਰਤੀ ਉੱਤੇ ਕੋਈ ਮਨੁੱਖ ਨਹੀਂ ਹੈ ਜੋ ਸਾਰੀ ਧਰਤੀ ਦੇ ਦਸਤੂਰ ਅਨੁਸਾਰ ਸਾਡੇ ਕੋਲ ਅੰਦਰ
ਆਵੇ। [32]ਆ ਅਸੀਂ ਆਪਣੇ ਪਿਤਾ ਨੂੰ ਮਧ ਪਿਲਾਈਏ ਅਤੇ ਅਸੀਂ ਉਹ ਦੇ ਸੰਗ ਲੇਟੀਏ ਅਤੇ ਐਉਂ
ਅਸੀਂ ਆਪਣੇ ਪਿਤਾ ਦੀ ਅੰਸ ਕਾਇਮ ਰੱਖਾਂਗੀਆਂ। [33]ਤਾਂ ਉਨ੍ਹਾਂ ਨੇ ਆਪਣੇ ਪਿਤਾ ਨੂੰ ਓਸੇ ਰਾਤ
ਮਧ ਪਿਲਾਈ ਅਤੇ ਪਲੋਠੀ ਜਾਕੇ ਆਪਣੇ ਪਿਤਾ ਦੇ ਸੰਗ ਲੇਟੀ ਪਰ ਉਹ ਨੇ ਉਸ ਦਾ ਲੇਟਣ
ਉੱਠਣ ਨਹੀਂ ਸੀ ਜਾਣਿਆ। [34]ਫੇਰ ਅਗਲੇ ਦਿਨ ਐਉਂ ਹੋਇਆ ਕਿ ਪਲੋਠੀ ਨੇ ਛੋਟੀ ਨੂੰ ਆਖਿਆ,
ਵੇਖ ਮੈਂ ਕੱਲ ਰਾਤ ਆਪਣੇ ਪਿਤਾ ਦੇ ਸੰਗ ਲੇਟੀ। ਅਸੀਂ ਅੱਜ ਰਾਤ ਵੀ ਉਹ ਨੂੰ ਮਧ ਪਿਲਾਈਏ
ਅਤੇ ਤੂੰ ਜਾਹ ਉਹ ਦੇ ਸੰਗ ਲੇਟ ਅਤੇ ਐਉਂ ਅਸੀਂ ਆਪਣੇ ਪਿਤਾ ਦੀ ਅੰਸ ਕਾਇਮ ਰੱਖਾਂਗੀਆਂ।
[35]ਤਾਂ ਉਨ੍ਹਾਂ ਨੇ ਉਸ ਰਾਤ ਵੀ ਆਪਣੇ ਪਿਤਾ ਨੂੰ ਮਧ ਪਿਲਾਈ ਅਤੇ ਛੋਟੀ ਉੱਠਕੇ ਆਪਣੇ ਪਿਤਾ
ਦੇ ਸੰਗ ਲੇਟੀ ਪਰ ਉਹ ਨੇ ਉਸ ਦਾ ਲੇਟਣ ਉੱਠਣ ਨਹੀਂ ਸੀ ਜਾਣਿਆ। [36]ਸੋ ਲੂਤ ਦੀਆਂ ਦੋਵੇਂ
ਧੀਆਂ ਆਪਣੇ ਪਿਤਾ ਤੋਂ ਗਰਭਣੀਆਂ ਹੋਈਆਂ। [37]ਅਤੇ ਪਲੋਠੀ ਪੁੱਤਰ ਜਣੀ ਅਰ ਉਸ ਨੇ ਉਹ
ਦਾ ਨਾਉਂ ਮੋਆਬ ਰੱਖਿਆ। ਉਹ ਮੋਆਬੀਆਂ ਦਾ ਪਿਤਾ ਅੱਜ ਤੀਕ ਹੈ। [38]ਛੋਟੀ ਵੀ ਇੱਕ ਪੁੱਤਰ
ਜਣੀ ਅਰ ਉਸ ਨੇ ਉਹ ਦਾ ਨਾਉਂ ਬਿਨ-ਅੰਮੀ ਰੱਖਿਆ। ਉਹ ਅੰਮੋਨੀਆਂ ਦਾ ਪਿਤਾ ਅੱਜ ਤੀਕ
ਹੈ।**

**ਆਇਤ 30.** ਸਦੂਮ ਅਤੇ ਅਮੂਰਾਹ ਦੇ ਵਿਨਾਸ ਤੋਂ ਬਾਅਦ **ਲੂਤ** ਅਤੇ ਉਸ ਦੇ ਪਰਿਵਾਰ ਦੇ ਜੀਉਂਦੇ ਬਚੇ ਮੈਂਬਰ – ਉਸ ਦੀਆਂ **ਦੋਹੇਂ ਧੀਆਂ** – ਨੂੰ ਇੱਕ ਨਵੀਂ ਜ਼ਿੰਦਗੀ ਦਾ ਅਰੰਭ ਕਰਨਾ

ਪਿਆ। ਪਰਮੇਸ਼ੁਰ ਨੇ ਲੂਤ ਦੀ ਪ੍ਰਾਰਥਨਾ ਦੇ ਉੱਤਰ ਵਿੱਚ **ਸੋਆਰ** ਨਗਰ ਨੂੰ ਸੁਰੱਖਿਅਤ ਛੱਡ ਕੇ ਉਨ੍ਹਾਂ ਨੂੰ ਵੱਸਣ ਲਈ ਇੱਕ ਥਾਂ ਦੇ ਦਿੱਤਾ ਸੀ। ਪਰ ਫਿਰ ਵੀ ਪਰਮੇਸ਼ੁਰ ਵੱਲੋਂ ਕੀਤੇ ਗਏ ਇਸ ਪ੍ਰਬੰਧ ਨੂੰ ਉਨ੍ਹਾਂ ਨੇ ਇੱਕ ਸਮੱਸਿਆ ਵਜੋਂ ਵੇਖਿਆ ਅਤੇ ਆਪਣੀਆਂ ਜ਼ਿੰਦਗੀਆਂ ਲਈ ਆਪਣੀ ਵੱਖਰੀ ਯੋਜਨਾ ਬਣਾ ਲਈ।

ਸਦੂਮ ਨੂੰ ਛੱਡਣ ਵਿੱਚ ਢਿੱਲ ਪਾਉਣ ਅਤੇ ਸੁਰੱਖਿਆ ਲਈ ਸੋਆਰ ਨੂੰ ਭੱਜ ਜਾਣ ਲਈ ਦੂਤਾਂ ਨੂੰ ਰਾਜੀ ਕਰਨ ਤੋਂ ਬਾਅਦ ਲੂਤ ਨੇ ਉਹ ਕਰਨ ਦਾ ਫੈਸਲਾ ਲਿਆ ਜਿਸ ਦਾ ਹੁਕਮ ਉਸ ਨੂੰ ਪਹਿਲਾਂ ਦਿੱਤਾ ਗਿਆ ਸੀ। ਕਿਸੇ ਅਗਿਆਤ ਕਾਰਣ ਵਜੋਂ ਲੂਤ ਨੇ ਆਪਣਾ ਮਨ ਬਦਲ ਲਿਆ ਅਤੇ ਜਾ ਕੇ **ਪਹਾੜ** ਉੱਤੇ ਵੱਸ ਗਿਆ। ਮੂਲਪਾਠ ਇਹ ਨਹੀਂ ਦੱਸਦਾ ਕਿ **ਉਹ ਸੋਆਰ ਵਿੱਚ ਵੱਸਣ ਤੋਂ ਡਰਦਾ** ਕਿਉਂ ਸੀ ਅਤੇ ਉਸ ਨੇ **ਦੋਵੇਂ ਧੀਆਂ** ਨੂੰ ਨਾਲ ਲੈ ਕੇ **ਇੱਕ ਖੁੰਧਰ ਵਿੱਚ** ਇਕਾਂਤ ਵਿੱਚ ਜਾ ਕੇ ਵੱਸਣ ਦਾ ਫੈਸਲਾ ਕਿਉਂ ਲਿਆ ਸੀ। ਕੀ ਸੋਆਰ ਦੇ ਲੋਕਾਂ ਨੇ ਉਸ ਨੂੰ ਅਤੇ ਉਸ ਦੀਆਂ ਧੀਆਂ ਨੂੰ ਇਹ ਮੰਨਦਿਆਂ ਰੱਦ ਦਿੱਤਾ ਸੀ ਕਿ ਉਹ ਸਰਾਪਤ ਸਨ ਅਤੇ ਉਨ੍ਹਾਂ ਦੇ ਕਾਰਣ ਹੀ ਉਸ ਸਾਰੇ ਇਲਾਕੇ ਵਿੱਚ ਵਿਨਾਸ ਆਇਆ ਸੀ? ਕੀ ਲੂਤ ਡਰਦਾ ਸੀ ਕਿ ਕਿਤੇ ਸੋਆਰ ਦੇ ਵਸਨੀਕ ਉਨ੍ਹਾਂ ਨੂੰ ਨੁਕਸਾਨ ਨਾ ਪੁਚਾਉਣ ਜਾਂ ਕਿਤੇ ਯਹੋਵਾਹ ਦਾ ਕ੍ਰੋਧ ਉਸ ਨਗਰ ਉੱਤੇ ਵੀ ਨਾ ਆਣ ਪਵੇ?

ਪਵਿੱਤਰ ਸ਼ਾਸਤਰ ਇਨ੍ਹਾਂ ਪ੍ਰਸ਼ਨਾਂ ਦਾ ਕੋਈ ਉੱਤਰ ਨਹੀਂ ਦਿੰਦਾ, ਪਰ ਅਜਿਹਾ ਜ਼ਰੂਰ ਜਾਪਦਾ ਹੈ ਕਿ ਲੂਤ ਲਗਾਤਾਰ ਗਲਤ ਫੈਸਲੇ ਲੈਂਦਾ ਆ ਰਿਹਾ ਸੀ। ਪੂਰਬ ਵਿੱਚ ਜਾ ਕੇ ਇੱਕ ਬੰਜਰ ਖੁੰਧਰ ਵਿੱਚ, ਜਿੱਥੇ ਵੱਸਣਾ ਬਹੁਤ ਜ਼ਿਆਦਾ ਔਖਾ ਅਤੇ ਸ਼ਾਇਦ ਥੋੜ੍ਹੇ ਚਿਰ ਲਈ ਹੀ ਹੋਣਾ ਸੀ, ਵੱਸਣ ਦੀ ਬਜਾਇ ਉਸ ਨੇ ਆਪਣੇ ਆਪ ਨੂੰ ਹਲੀਮ ਕਿਉਂ ਨਹੀਂ ਕੀਤਾ ਕਿ ਪੱਛਮ ਨੂੰ ਜਾ ਕੇ ਅਬਰਾਹਾਮ ਦੇ ਕੋਲ ਆਸਰਾ ਲੈਂਦਾ ਅਤੇ ਉਸ ਦੇ ਨਾਲ ਵੱਸ ਜਾਂਦਾ? ਉਹ ਨਿਸ਼ਚਿਤ ਤੌਰ ’ਤੇ ਜਾਣਦਾ ਸੀ ਕਿ ਐਨੇ ਸਾਲ ਵੱਖਰੇ ਰਹਿਣ ਤੋਂ ਬਾਅਦ ਵੀ ਉਸ ਦੇ ਚਾਚੇ ਨੇ ਉਸ ਨੂੰ ਖੁਸ਼ੀ-ਖੁਸ਼ੀ ਸਵੀਕਾਰ ਕਰ ਲੈਣਾ ਸੀ। ਭਾਵੇ ਜੇਕਰ ਲੂਤ ਨੇ ਸੋਚਿਆ ਹੋਵੇਗਾ ਕਿ ਹੁਣ ਤੱਕ ਤਾਂ ਅਬਰਾਹਾਮ ਦੀ ਮੌਤ ਹੋ ਚੁੱਕੀ ਹੋਵੇਗੀ, ਤਾਂ ਵੀ ਉਸ ਨੂੰ ਉਸ ਭਲਿਆਈ ਨੂੰ ਚੇਤੇ ਰੱਖਣਾ ਚਾਹੀਦਾ ਸੀ ਜਿਹੜੀ ਅਬਰਾਹਾਮ ਨੇ ਉਸ ਦੇ ਲਈ ਅਤੇ ਸਦੂਮ ਦੇ ਲੋਕਾਂ ਦੇ ਲਈ ਕੀਤੀ ਸੀ ਜਦ ਉਸ ਨੇ ਇਨ੍ਹਾਂ ਨੂੰ ਪੂਰਬ ਦੇ ਚਾਰ ਰਾਜਿਆਂ ਤੋਂ ਛੁਡਾਇਆ ਸੀ (ਵੇਖੋ ਅਧਿਆਇ 14)। ਅਬਰਾਹਾਮ ਦੇ ਲੋਕਾਂ ਨੇ ਨਿਸ਼ਚਿਤ ਤੌਰ ’ਤੇ ਆਪਣੇ ਭਤੀਜੇ ਦੇ ਲਈ ਅਬਰਾਹਾਮ ਦੀ ਚਿੰਤਾ ਅਤੇ ਪਿਆਰ ਦੇ ਕਾਰਣ ਲੂਤ ਅਤੇ ਉਸ ਦੀਆਂ ਧੀਆਂ ਨੂੰ ਆਸਰਾ ਦੇ ਦੇਣਾ ਸੀ। ਲੂਤ ਨੇ ਇਹ ਫੈਸਲਾ ਭਾਵੇਂ ਕਿਸੇ ਵੀ ਕਾਰਣ ਲਿਆ ਹੋਵੇ, ਇਸ ਵਾਰਤਾ ਦਾ ਦੁਬਾਰਾ ਅਰੰਭ ਯਰਦਨ ਘਾਟੀ ਦੇ ਪੂਰਬ ਵੱਲ ਇੱਕ ਖੁੰਧਰ ਵਿੱਚੋਂ ਹੁੰਦਾ ਹੈ।

**ਆਇਤ 31.** ਬਿਰਤਾਂਤ ਇਹ ਨਹੀਂ ਦੱਸਦਾ ਕਿ ਲੂਤ ਅਤੇ ਉਸ ਦੀਆਂ ਧੀਆਂ ਨੂੰ ਉਸ ਵੇਲੇ ਤੱਕ ਖੁੰਧਰ ਵਿੱਚ ਵੱਸਦਿਆਂ ਕਿੰਨਾ ਸਮਾਂ ਹੋ ਚੁੱਕਾ ਸੀ ਜਦ **ਪਲੋਠੀ ਨੇ** [ਆਪਣੀ] **ਛੋਟੀ** ਭੈਣ **ਨੂੰ ਆਖਿਆ**, **ਸਾਡਾ ਪਿਤਾ ਬੁੱਢਾ ਹੈ ਅਰ ਧਰਤੀ ਉੱਤੇ ਕੋਈ ਮਨੁੱਖ ਨਹੀਂ ਹੈ ਜੋ ਸਾਰੀ ਧਰਤੀ ਦੇ ਦਸਤੂਰ ਅਨੁਸਾਰ ਸਾਡੇ ਕੋਲ ਅੰਦਰ ਆਵੇ।** “ਧਰਤੀ” ਸ਼ਬਦ ਇਸ ਸੰਦਰਭ ਵਿੱਚ ਗਲਤ ਸਮਝਿਆ ਜਾਂਦਾ ਹੈ ਭਈ ਲੂਤ ਦੀ ਪਲੋਠੀ ਧੀ ਸੋਚ ਰਹੀ ਸੀ ਕਿ ਇਸ ਸੰਸਾਰ ਵਿੱਚ ਸਿਰਫ ਉਨ੍ਹਾਂ ਦਾ ਪਿਤਾ ਹੀ ਇੱਕਮਾਤਰ ਪੁਰਸ਼ ਜੀਉਂਦਾ ਬਚਿਆ ਸੀ। ਇਸ ਵਿਆਖਿਆ ਦੇ ਅਨੁਸਾਰ ਉਸ ਨੂੰ ਅਤੇ ਉਸ ਦੀ ਛੋਟੀ ਭੈਣ ਨੂੰ ਪਤੀ ਮਿਲਣ ਦੀ ਕੋਈ ਉਮੀਦ ਨਹੀਂ ਸੀ ਜਿਨ੍ਹਾਂ ਦੇ ਦੁਆਰਾ ਉਹ ਧਰਤੀ ਨੂੰ ਦੁਬਾਰਾ ਅਬਾਦੀ ਨਾਲ ਭਰ ਸਕਦੀਆਂ।

ਜਦਕਿ ਇਹ ਸੱਚ ਹੈ ਕਿ ਇਬਰਾਨੀ ਸ਼ਬਦ אֶרֶץ (*ਏਰੇਟਸ*) ਦਾ ਅਰਥ ਸਾਰਾ ਸੰਸਾਰ ਹੈ,

ਤਾਂ ਵੀ ਆਇਤ 31 ਵਿੱਚ ਇਸ ਦਾ ਸਹੀ ਅਨੁਵਾਦ "ਇਸ ਦੇਸ ਵਿੱਚ," ਜਿਸ ਦਾ ਅਰਥ ਹੈ "ਇਸ ਇਲਾਕੇ ਵਿੱਚ," ਜਾਂ "ਇੱਥੇ" (NIV) ਹੋ ਸਕਦਾ ਹੈ। ਇਸ ਦਾ ਅਰਥ ਸਾਰਾ ਸੰਸਾਰ ਨਹੀਂ ਹੋ ਸਕਦਾ ਕਿਉਂਕਿ ਸੋਆਰ ਦੇ ਲੋਕਾਂ ਨੂੰ ਵੀ ਬਖਸ਼ਿਆ ਗਿਆ ਸੀ। ਇਸ ਤੋਂ ਇਲਾਵਾ, ਕਿਉਂ ਜੋ ਦੂਤਾਂ ਵੱਲੋਂ ਆਖਿਆ ਗਿਆ ਵਿਨਾਸ ਸਿਰਫ ਸਦੂਮ ਅਤੇ ਯਰਦਨ ਘਾਟੀ ਦੇ ਹੋਰ ਨਗਰਾਂ ਉੱਤੇ ਪੈਣਾ ਸੀ, ਇਸ ਕਰਕੇ ਲੂਤ ਦੀਆਂ ਧੀਆਂ ਦੇ ਕੋਲ ਇਹ ਮੰਨਣ ਦਾ ਕੋਈ ਕਾਰਣ ਨਹੀਂ ਸੀ ਕਿ ਧਰਤੀ ਦੀ ਸਾਰੀ ਅਬਾਦੀ ਨਾਸ ਹੋ ਚੁੱਕੀ ਹੈ।

**ਆਇਤ 32.** ਵੱਡੀ ਧੀ ਨੇ ਆਪਣੇ ਪਿਤਾ ਵਾਂਗ ਉਵੇਂ ਹੀ ਗਲਤ ਫੈਸਲਾ ਲਿਆ ਜਿਵੇਂ ਉਹ ਕਈ ਵਾਰੀ ਕਰ ਚੁੱਕਾ ਸੀ: ਉਸ ਨੇ ਆਪਣੀ ਛੋਟੀ ਭੈਣ ਨੂੰ ਆਖਿਆ ਕਿ ਅਸੀਂ **ਆਪਣੇ ਪਿਤਾ ਨੂੰ ਮਧ ਪਿਲਾਈਏ** ਤਾਂ ਜੋ ਉਹ ਸ਼ਰਾਬੀ ਹੋ ਜਾਵੇ (ਵੇਖੋ 9:20, 21)। ਫਿਰ ਜਦ ਉਹ ਸ਼ਰਾਬੀ ਹਾਲਤ ਵਿੱਚ ਪਿਆ ਹੋਵੇਗਾ, ਤਦ ਉਸ ਦੀ ਯੋਜਨਾ ਇਹ ਸੀ ਕਿ ਉਹ ਦੋਵੇਂ **ਉਹ ਦੇ ਸੰਗ** ਲੇਟਣ (ਜਿਨਸੀ ਸੰਬੰਧਾਂ ਲਈ ਇੱਕ ਭੱਦਰ ਸ਼ਬਦ) ਤਾਂ ਜੋ ਉਹ **ਆਪਣੇ ਪਿਤਾ ਦੀ ਅੰਸ ਕਾਇਮ** ਰੱਖ ਸਕਣ। ਹਾਲਾਂਕਿ ਕੁਝ ਸ਼ਾਸਤਰੀ ਇਸ ਸੁਝਾਉ ਨੂੰ ਸਹੀ ਠਹਿਰਾਉਂਦੇ ਹਨ ਅਤੇ ਆਖਦੇ ਹਨ ਕਿ ਜਿਹੜੇ ਹਾਲਾਤ ਉਨ੍ਹਾਂ ਨੂੰ ਬਹੁਤ ਮਾੜੇ ਲੱਗ ਰਹੇ ਸਨ ਉਸ ਵਿੱਚ ਉਨ੍ਹਾਂ ਵੱਲੋਂ ਲਿਆ ਗਿਆ ਇਹ ਫੈਸਲਾ ਆਦਰਯੋਗ ਸੀ, ਤਾਂ ਵੀ ਨਾ ਤਾਂ ਇਹੋ ਜਿਹੇ ਕਾਰੇ ਨੂੰ ਵਿਆਹ ਦੇ ਉਸ ਉੱਚ ਦ੍ਰਿਸ਼ਟੀਕੋਣ ਦੀ ਰੋਸ਼ਨੀ ਵਿੱਚ ਸਹੀ ਠਹਿਰਾਇਆ ਜਾ ਸਕਦਾ ਹੈ ਜਿਸ ਨੂੰ 2:18-24 ਵਿੱਚ ਪੇਸ਼ ਕੀਤਾ ਗਿਆ ਹੈ ਅਤੇ ਨਾ ਹੀ ਮੂਸਾ ਦੀ ਸ਼ਰਾ ਵਿੱਚ ਪਰਿਵਾਰਕ ਮੈਂਬਰਾਂ ਵਿਚਕਾਰ ਹੋਣ ਵਾਲੇ ਜਿਨਸੀ ਸੰਬੰਧਾਂ ਨੂੰ ਗਲਤ ਠਹਿਰਾਏ ਜਾਣ ਦੀ ਰੋਸ਼ਨੀ ਵਿੱਚ (ਲੇਵੀਆਂ 18:6)। ਇਸ ਤੋਂ ਇਲਾਵਾ ਇਸ ਯੋਜਨਾ ਦੀ ਪੂਰਤੀ ਕਰਨ ਲਈ ਵਰਤਿਆ ਗਿਆ ਤਰੀਕਾ ਵੀ ਗਲਤ ਸੀ ਕਿਉਂਕਿ ਇਸ ਦੇ ਲਈ ਬੇਇਮਾਨੀ ਅਤੇ ਧੋਖੇ ਦੀ ਵਰਤੋਂ ਕੀਤੀ ਗਈ ਸੀ। ਇਹ ਭੈਣਾਂ ਜਾਣਦੀਆਂ ਸਨ ਕਿ ਉਹ ਗਲਤ ਕਰ ਰਹੀਆਂ ਸਨ ਕਿਉਂਕਿ ਆਪਣੇ ਪਿਤਾ ਦੇ ਨਾਲ ਜਿਨਸੀ ਸੰਬੰਧ ਸਥਾਪਤ ਕਰਨ ਲਈ ਉਨ੍ਹਾਂ ਨੂੰ ਆਪਣੇ ਪਿਤਾ ਨੂੰ ਚਲਾਕੀ ਨਾਲ ਸ਼ਰਾਬੀ ਕਰਨਾ ਪੈਣਾ ਸੀ। ਪਰ ਫਿਰ ਵੀ ਇਸ ਮਸਲੇ ਵਿੱਚ ਲੂਤ ਨੂੰ ਪੂਰੀ ਤਰ੍ਹਾਂ ਨਿਰਦੋਸ਼ ਨਹੀਂ ਆਖਿਆ ਜਾ ਸਕਦਾ। ਪਰਤੱਖ ਤੌਰ 'ਤੇ ਉਸ ਦੀਆਂ ਧੀਆਂ ਜਾਣਦੀਆਂ ਸਨ ਕਿ ਉਹ ਅਸਾਨੀ ਨਾਲ ਬਹੁਤ ਜ਼ਿਆਦਾ ਮਧ ਪੀ ਕੇ ਸ਼ਰਾਬੀ ਹੋ ਜਾਂਦਾ ਹੈ ਅਤੇ ਇਸ ਤੋਂ ਵੀ ਉਸ ਦੇ ਕਮਜ਼ੋਰ ਚਰਿੱਤਰ ਅਤੇ ਪ੍ਰਭਾਵ ਦਾ ਪਤਾ ਚੱਲਦਾ ਹੈ।

**ਆਇਤ 33.** ਇਸ ਭੈੜੇ ਕਾਰੇ ਬਾਰੇ ਥੋੜ੍ਹਾ ਹੀ ਵੇਰਵਾ ਦਿੱਤਾ ਗਿਆ ਹੈ ਕਿ ਇਹ ਸਮਾਂ **ਰਾਤ** ਦਾ ਸੀ ਜਦ ਲੂਤ ਦੀਆਂ ਧੀਆਂ ਨੇ **ਆਪਣੇ ਪਿਤਾ ਨੂੰ . . . ਮਧ ਪਿਲਾਈ**। ਜਦ ਉਹ ਸ਼ਰਾਬੀ ਹੋ ਗਿਆ ਤਦ **ਪਲੌਠੀ** ਨੇ **ਜਾਕੇ ਆਪਣੇ ਪਿਤਾ ਦੇ ਸੰਗ** ਜਿਨਸੀ ਸੰਬੰਧ ਬਣਾਏ **ਪਰ ਉਹ ਨੇ ਉਸ ਦਾ ਲੇਟਣ ਉੱਠਣ ਨਹੀਂ ਸੀ ਜਾਣਿਆ**। ਕਹਿਣ ਦਾ ਭਾਵ ਇਹ ਹੈ ਕਿ ਉਸ ਨੂੰ ਇਸ ਬਾਰੇ ਕੁਝ ਪਤਾ ਨਹੀਂ ਲੱਗਾ ਕਿ ਕੀ ਕੁਝ ਹੋਇਆ ਸੀ।

**ਆਇਤਾਂ 34, 35.** ਫਿਰ ਅਗਲੀ ਰਾਤ ਨੂੰ ਉਨ੍ਹਾਂ ਨੇ ਉਸੇ ਤਰ੍ਹਾਂ ਲੂਤ ਨੂੰ ਸ਼ਰਾਬੀ ਕੀਤਾ ਤਾਂ ਜੋ ਇਸ ਵਾਰ **ਛੋਟੀ** ਧੀ **ਉਹ ਦੇ ਸੰਗ** ਜਿਨਸੀ ਸੰਬੰਧ ਬਣਾ ਸਕੇ। ਪਹਿਲਾਂ ਦੀ ਤਰ੍ਹਾਂ ਹੀ **ਉਹ ਨੇ ਉਸ ਦਾ ਲੇਟਣ ਉੱਠਣ ਨਹੀਂ ਸੀ ਜਾਣਿਆ** ਅਤੇ ਇਸ ਕਰਕੇ ਉਸ ਨੂੰ ਪਤਾ ਨਹੀਂ ਲੱਗਾ ਕਿ ਕੀ ਕੁਝ ਹੋਇਆ ਸੀ। ਮੂਲਪਾਠ ਇਹ ਨਹੀਂ ਆਖਦਾ ਕਿ ਉਨ੍ਹਾਂ ਨੇ ਉਸ ਨੂੰ ਜਬਰਦਸਤੀ **ਮਧ** ਪਿਲਾਈ ਜਾਂ ਉਸ ਨੂੰ ਉਕਸਾ ਕੇ ਮਧ **ਪਿਲਾਈ**; ਬਸ ਐਨਾ ਹੀ ਲਿਖਿਆ ਹੈ ਕਿ ਉਨ੍ਹਾਂ ਨੇ ਉਸ ਨੂੰ ਐਨੀ ਕੁ **ਮਧ ਪਿਲਾਈ** ਕਿ ਉਹ ਪੀ ਕੇ ਸ਼ਰਾਬੀ ਹੋ ਗਿਆ। ਅਜਿਹਾ ਉਹ ਲਗਾਤਾਰ ਦੋ ਰਾਤਾਂ ਨੂੰ ਕਰ ਸਕੀਆਂ। ਅਜਿਹਾ ਜਾਪਦਾ ਹੈ ਕਿ ਇਸ ਸਾਰੀ ਵਾਰਤਾ ਵਿੱਚ ਲੂਤ ਇੱਕ ਨਿਰਬਲ ਪ੍ਰਾਣੀ ਸੀ, ਜੋ ਆਪਣੀਆਂ ਧੀਆਂ ਦੀਆਂ ਮੰਗਾਂ ਦਾ ਵਿਰੋਧ ਨਹੀਂ ਕਰ ਪਾ ਰਿਹਾ ਸੀ ਜਦ ਉਹ ਉਸ ਨੂੰ

ਬਹੁਤ ਜ਼ਿਆਦਾ ਮਧ ਪਿਲਾ ਰਹੀਆਂ ਸਨ ਅਤੇ ਪੂਰੀ ਤਰ੍ਹਾਂ ਅਣਜਾਣ ਸੀ ਕਿ ਅਜਿਹਾ ਕਰਕੇ ਉਹ ਉਸ ਦੇ ਨਾਲ ਜਿਨਸੀ ਸੰਬੰਧ ਬਣਾ ਰਹੀਆਂ ਸਨ।

ਅਸੀਂ ਨਹੀਂ ਜਾਣਦੇ ਕਿ ਪਹਾੜ ਦੀ ਖੁੰਧਰ ਵਿੱਚ ਰਹਿੰਦਿਆਂ ਇਨ੍ਹਾਂ ਧੀਆਂ ਕੋਲ ਐਨੀ ਮਧ ਕਿੱਥੋਂ ਆਈ ਕਿ ਉਹ ਆਪਣੀ ਯੋਜਨਾ ਦੀ ਪੂਰਤੀ ਕਰ ਸਕੀਆਂ। ਜੇਕਰ ਮਧ ਬਣਾਉਣ ਦੀਆਂ ਥਾਵਾਂ ਅਤੇ ਅੰਗੂਰਾਂ ਦੇ ਬਾਗ ਨੇੜਲੀ ਘਾਟੀ ਵਿੱਚ ਸਦੂਮ ਅਤੇ ਅਮੂਰਾਹ ਦੇ ਨਾਲ ਪੂਰੀ ਤਰ੍ਹਾਂ ਤਬਾਹ ਨਹੀਂ ਹੋਏ ਸਨ, ਤਾਂ ਇਸ ਦਾ ਅਰਥ ਹੈ ਕਿ ਉੱਥੇ ਅਜੇ ਵੀ ਲੋਕ ਜੀਉਂਦੇ ਸਨ। ਜੇਕਰ ਅਜਿਹਾ ਹੈ ਤਾਂ ਫਿਰ ਇਨ੍ਹਾਂ ਇਸਤਰੀਆਂ ਦੁਆਰਾ ਆਪਣੇ ਪਿਤਾ ਤੋਂ ਅੰਸ ਦੀ ਪ੍ਰਾਪਤੀ ਕਰਨ ਦੀ ਸਾਰੀ ਯੋਜਨਾ ਹੀ ਗੈਰਜ਼ਰੂਰੀ ਸੀ।

**ਆਇਤ 36.** ਲੂਤ ਦੇ ਨਾਲ ਜਿਨਸੀ ਸੰਬੰਧ ਬਣਾਉਣ ਦਾ ਨਤੀਜਾ ਇਹ ਹੋਇਆ ਕਿ ਉਸ ਦੀਆਂ **ਦੋਵੇਂ ਧੀਆਂ ਆਪਣੇ ਪਿਤਾ ਤੋਂ ਗਰਭਣੀਆਂ ਹੋਈਆਂ** – ਅਰਥਾਤ ਉਨ੍ਹਾਂ ਨੇ “ਗਰਭ ਧਾਰਣ ਕੀਤਾ” (NIV)। ਇਸ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਹੈ ਕਿ ਉਨ੍ਹਾਂ ਨੇ ਕਦੋਂ ਅਤੇ ਕਿਵੇਂ ਲੂਤ ਨੂੰ ਇਹ ਦੱਸਿਆ ਹੋਵੇਗਾ ਕਿ ਕੀ ਹੋਇਆ ਸੀ ਅਤੇ ਉਨ੍ਹਾਂ ਦੇ ਗਰਭ ਵਿੱਚ ਪਲ ਰਹੇ ਬੱਚਿਆਂ ਦਾ ਪਿਤਾ ਉਹ ਆਪ ਸੀ। ਇਹ ਸਾਰੇ ਵੇਰਵੇ ਪਾਠਕ ਦੀ ਕਲਪਨਾ ਦੇ ਲਈ ਛੱਡ ਦਿੱਤੇ ਗਏ ਹਨ।

**ਆਇਤਾਂ 37, 38.** ਇਸ ਅਧਿਆਇ ਦੀਆਂ ਆਖਰੀ ਦੋ ਆਇਤਾਂ ਇਸਰਾਏਲ ਦੇ ਗੁਆਂਢੀਆਂ ਦੀ ਵੰਸ਼ਾਵਲੀ ਦੀ ਖੋਜ ਕਰਨ ਵਿੱਚ ਲੇਖਕ ਦੀ ਦਿਲਚਸਪੀ ਨੂੰ ਪੇਸ਼ ਕਰਦੀਆਂ ਹਨ (ਤੁਲਨਾ ਕਰੋ 10:1-32; 25:12-18; 36:1-43)। ਲੂਤ ਦੀ ਵਾਰਤਾ ਇਸ ਨਾਲ ਸਮਾਪਤ ਹੁੰਦੀ ਹੈ ਕਿ **ਪਲੌਠੀ** ਧੀ ਨੇ ਇੱਕ **ਪੁੱਤਰ** ਨੂੰ ਜਨਮ ਦਿੱਤਾ। ਇਸ ਬਾਲਕ ਦਾ ਨਾਮ **ਮੋਆਬ** ਰੱਖਿਆ ਗਿਆ, ਜਿਸ ਦਾ ਅਰਥ ਹੈ “ਪਿਤਾ ਤੋਂ।”[17] ਉਹ **ਮੋਆਬੀਆਂ ਦਾ ਪਿਤਾ** ਹੋਇਆ।

ਇਸੇ ਤਰ੍ਹਾਂ **ਛੋਟੀ** ਧੀ ਨੇ ਵੀ **ਇੱਕ ਪੁੱਤਰ** ਨੂੰ ਜਨਮ ਦਿੱਤਾ ਅਤੇ ਉਸ ਦਾ ਨਾਮ **ਬਿਨ-ਅੰਮੀ** ਰੱਖਿਆ। “ਬਿਨ-ਅੰਮੀ” ਦਾ ਅਰਥ ਹੈ “ਮੇਰੇ ਲੋਕਾਂ ਦਾ ਪੁੱਤਰ।” ਪਰ ਸ਼ਾਇਦ ਇਸ ਦਾ ਅਨੁਵਾਦ “ਮੇਰੇ ਰਿਸ਼ਤੇਦਾਰ ਦਾ ਪੁੱਤਰ” ਕੀਤਾ ਜਾਣਾ ਚਾਹੀਦਾ ਹੈ ਕਿਉਂ ਜੋ ਇੱਥੇ ਇੱਕ ਪੁਰਸ਼ ਰਿਸ਼ਤੇਦਾਰ ਉੱਤੇ ਜ਼ੋਰ ਦਿੱਤਾ ਗਿਆ ਹੈ, “ਪਿਤਾ ਵੱਲੋਂ ਰਿਸ਼ਤੇਦਾਰ।”[18] ਉਹ **ਅੰਮੋਨੀਆਂ ਦਾ ਪਿਤਾ** ਹੋਇਆ।

**ਅੱਜ ਤੀਕ** ਸ਼ਬਦ ਇਸ ਦਾਅਵੇ ਦਾ ਸਮਰਥਨ ਕਰਦੇ ਹਨ ਕਿ ਇਹ ਸਭ ਲਿਖਣ ਵਾਲਾ ਲੇਖਕ ਮੂਸਾ ਸੀ। ਇਹ ਇਸਰਾਏਲ ਦੁਆਰਾ ਕਨਾਨ ਦੇਸ ਉੱਤੇ ਕਬਜ਼ਾ ਕੀਤੇ ਜਾਣ ਤੋਂ ਅਤੇ ਅੱਗੇ ਚੱਲ ਕੇ ਮੋਆਬੀਆਂ ਅਤੇ ਅੰਮੋਨੀਆਂ ਨੂੰ ਹਰਾਏ ਜਾਣ ਤੋਂ ਪਹਿਲਾਂ ਹੋਇਆ ਸੀ।

ਇਨ੍ਹਾਂ ਦੋ ਪੁੱਤਰਾਂ ਦੇ ਪਾਪੀ ਜਿਨਸੀ ਸੰਬੰਧਾਂ ਦੇ ਨਤੀਜੇ ਵਜੋਂ ਹੋਏ ਜਨਮ ਦੇ ਬਾਵਜੂਦ ਬਿਰਤਾਂਤ ਇਨ੍ਹਾਂ ਦੇ ਲਈ ਨਿੰਦਕ ਸ਼ਬਦਾਂ ਦੀ ਵਰਤੋਂ ਨਹੀਂ ਕਰਦਾ। ਲੇਖਕ ਆਪਣੇ ਪਾਠਕਾਂ ਦੇ ਨੈਤਿਕ ਦ੍ਰਿਸ਼ਟੀਕੋਣ ਬਾਰੇ ਜਾਣਦਾ ਸੀ, ਇਸ ਕਰਕੇ ਉਹ ਅਨੁਮਾਨ ਲਗਾ ਰਿਹਾ ਸੀ ਕਿ ਪਾਠਕ ਇਨ੍ਹਾਂ ਧੀਆਂ ਵੱਲੋਂ ਕੀਤੇ ਗਏ ਐਨੇ ਹੈਰਾਨੀਜਨਕ ਅਤੇ ਮਾੜੇ ਕੰਮ ਦੀ ਨਿੰਦਾ ਆਪ ਹੀ ਕਰਨਗੇ। ਪਰ ਫਿਰ ਵੀ ਕਈ ਪੀੜ੍ਹੀਆਂ ਬਾਅਦ ਜਦ ਇਸਰਾਏਲ ਮਾਰੂਥਲ ਵਿੱਚ ਸੀ, ਤਾਂ ਪਰਮੇਸ਼ੁਰ ਨੇ ਮੂਸਾ ਨੂੰ ਨਿਰਦੇਸ਼ ਦਿੱਤਾ ਕਿ ਉਹ ਮੋਆਬੀਆਂ ਜਾਂ ਅੰਮੋਨੀਆਂ ਨੂੰ ਪਰੇਸ਼ਾਨ ਨਾ ਕਰੇ ਕਿਉਂਕਿ ਉਸ ਨੇ ਦੇਸ ਦਾ ਇਹ ਹਿੱਸਾ ਲੂਤ ਦੀ ਅੰਸ ਨੂੰ ਦਿੱਤਾ ਸੀ (ਬਿਵਸਥਾ ਸਾਰ 2:9, 19)। ਬਾਅਦ ਵਿੱਚ ਅੱਗੇ ਚੱਲ ਕੇ ਲੂਤ ਦੀ ਅੰਸ ਦਾ ਇਸਰਾਏਲ ਨਾਲ ਵੈਰ ਹੋਇਆ ਸੀ ਜਦ ਕਨਾਨ ਦੇਸ ਨੂੰ ਜਾਂਦਿਆਂ ਉਨ੍ਹਾਂ ਨੇ ਇਸਰਾਏਲੀਆਂ ਦੀ ਨਾ ਤਾਂ ਪ੍ਰਾਹੁਣਚਾਰੀ ਕੀਤੀ ਸੀ ਅਤੇ ਨਾ ਹੀ ਉਨ੍ਹਾਂ ਨੂੰ ਆਪਣੇ ਦੇਸ ਵਿੱਚੋਂ ਦੀ ਹੋ ਕੇ ਲੰਘਣ ਦਿੱਤਾ ਸੀ (ਬਿਵਸਥਾ ਸਾਰ 23:3, 4)।

ਫਿਰ ਮੋਆਬੀਆਂ ਦੇ ਰਾਜਾ ਬਾਲਾਕ ਨੇ ਬਿਲਆਮ ਨੂੰ ਭਾੜੇ ’ਤੇ ਲਿਆਂਦਾ ਸੀ ਕਿ ਉਹ ਆਣ ਕੇ ਇਸਰਾਏਲੀਆਂ ਨੂੰ ਸਰਾਪ ਦੇਵੇ ਤਾਂ ਜੋ ਉਹ ਉਨ੍ਹਾਂ ਨੂੰ ਯੁੱਧ ਵਿੱਚ ਹਰਾ ਸਕੇ (ਗਿਣਤੀ 22–

24)। ਜਦ ਉਸ ਦੀ ਇਹ ਯੋਜਨਾ ਵਿਫਲ ਹੋ ਗਈ, ਤਦ ਮੋਆਬੀ ਇਸਤਰੀਆਂ ਨੇ ਇਸਰਾਏਲੀਆਂ ਨੂੰ ਫਸਾ ਕੇ ਉਨ੍ਹਾਂ ਦੇ ਨਾਲ ਜਿਨਸੀ ਸੰਬੰਧ ਬਣਾਏ ਅਤੇ ਉਨ੍ਹਾਂ ਤੋਂ ਮੂਰਤੀਪੂਜਾ ਕਰਵਾਈ, ਜਿਸ ਦੇ ਕਾਰਣ ਪਰਮੇਸ਼ੁਰ ਦਾ ਕ੍ਰੋਧ ਉਨ੍ਹਾਂ ਉੱਤੇ ਆਣ ਪਿਆ (ਗਿਣਤੀ 25:1-9)।

ਮੂਸਾ ਦੇ ਸਮੇਂ ਤੋਂ ਬਾਅਦ ਪੁਰਾਣੇ ਨੇਮ ਦੇ ਜ਼ਿਆਦਾਤਰ ਇਤਹਾਸ ਵਿੱਚ ਇਸਰਾਏਲੀਆਂ ਦਾ ਮੋਆਬੀਆਂ ਅਤੇ ਅੰਮੋਨੀਆਂ ਦੇ ਨਾਲ ਵੈਰ ਬਣਿਆ ਰਿਹਾ ਅਤੇ ਵਧਦਾ ਗਿਆ (ਵੇਖੋ ਨਿਆਈਆਂ 3:12-30; 10:6—11:33; 1 ਸਮੂਏਲ 11:1-11; 2 ਸਮੂਏਲ 10:1-14; 2 ਰਾਜਿਆਂ 3:4-27; ਸਫ਼ਨਯਾਹ 2:8-11)। ਸਭ ਤੋਂ ਵਧ ਤ੍ਰਾਸਦੀ ਭਰੀ ਗੱਲ ਇਹ ਹੈ ਕਿ ਸੁਲੇਮਾਨ ਅਤੇ ਉਸ ਤੋਂ ਬਾਅਦ ਦੇ ਇਸਰਾਏਲ ਅਤੇ ਯਹੂਦਾਹ ਦੇ ਰਾਜੇ ਉਨ੍ਹਾਂ ਦੇ ਦਿਉਤਿਆਂ ਦੀ ਪੂਜਾ ਵਿੱਚ ਫਸਦੇ ਰਹੇ, ਜਿਸ ਦੇ ਕਾਰਣ ਪਰਮੇਸ਼ੁਰ ਦੇ ਲੋਕਾਂ ਦੀ ਵੰਡ ਹੋ ਗਈ ਅਤੇ ਦੋਹਾਂ ਪਾਤਸ਼ਾਹੀਆਂ ਦਾ ਪਤਨ ਹੋ ਗਿਆ (ਵੇਖੋ 1 ਰਾਜਿਆਂ 11:5-11; 2 ਰਾਜਿਆਂ 16:1-4; 17:6-18; 21:1-16; 23:10-13; 24:1-4)।

# ਪ੍ਰਾਸੰਗਿਕਤਾ

## ਸੰਸਾਰ ਦੇ ਨਾਲ ਮਿੱਤਰਤਾ ਦੀ ਤ੍ਰਾਸਦੀ (19:1—29)

ਅਧਿਆਇ 19 ਅਬਰਾਹਾਮ ਤੋਂ ਲੂਤ ਦੇ ਵੱਖਰੇ ਹੋਣ ਤੋਂ ਬਾਅਦ ਲੂਤ ਦੇ ਆਤਮਕ ਪਤਨ ਦੇ ਭਿਆਣਕ ਨਤੀਜਿਆਂ ਨੂੰ ਪੇਸ਼ ਕਰਦਾ ਹੈ। ਇਸ ਦਾ ਅਰੰਭ ਅਣਜਾਣਪੁਣੇ ਵਿੱਚ ਹੋਇਆ ਪ੍ਰਤੀਤ ਹੁੰਦਾ ਹੈ ਜਦ ਉਸ ਨੇ ਖਾਰੇ ਸਾਗਰ ਦੇ ਨੇੜੇ ਯਰਦਨ ਘਾਟੀ ਦੀ ਉਪਜਾਊ ਜ਼ਮੀਨ ਦੇ ਕਾਰਣ ਸਦੂਮ ਦੇ ਨੇੜੇ ਆਪਣੇ ਤੰਬੂ ਖੜੇ ਕਰਨ ਦੀ ਚੋਣ ਕੀਤੀ ਸੀ (13:10-13)। ਕੀ ਲੂਤ ਨੇ ਉੱਥੇ ਵੱਸਦੇ ਲੋਕਾਂ ਦੀ ਬੁਰਿਆਈ ਬਾਰੇ ਸੁਣਿਆ ਸੀ? ਕਿਉਂ ਜੋ ਅਬਰਾਹਾਮ ਨੇ ਮਿਸਰ ਜਾਣ ਤੋਂ ਪਹਿਲਾਂ ਉੱਥੋਂ ਦੇ ਲੋਕਾਂ ਦੀ ਬੁਰਿਆਈ ਬਾਰੇ ਖ਼ਬਰ ਪ੍ਰਾਪਤ ਕੀਤੀ ਸੀ (12:10-13), ਇਸ ਕਰਕੇ ਇਹ ਸਹੀ ਜਾਪਦਾ ਹੈ ਕਿ ਉਸ ਨੇ ਅਤੇ ਉਸ ਦੀ ਭਤੀਜੇ ਨੇ ਉਨ੍ਹਾਂ ਦੇ ਨੇੜੇ ਵੱਸਦੇ ਸਦੂਮ ਦੇ ਲੋਕਾਂ ਦੇ ਪਾਪਾਂ ਬਾਰੇ ਵੀ ਸੁਣਿਆ ਹੋਵੇਗਾ। ਜਦਕਿ ਅਬਰਾਹਾਮ ਨੇ ਮਿਸਰ ਵਿਚਲੀ ਆਪਣੀ ਗਲਤੀ ਤੋਂ ਪਾਠ ਸਿੱਖ ਲਿਆ ਸੀ, ਪਰ ਲੂਤ ਨੇ ਆਪਣੀ ਚੋਣ ਦੇ ਨਤੀਜਿਆਂ ਦੇ ਪ੍ਰਤੀ ਆਪਣੀਆਂ ਅੱਖਾਂ ਬੰਦ ਕਰ ਲਈਆਂ ਹੋਣਗੀਆਂ ਅਤੇ ਫਿਰ ਬਹੁਤ ਦੇਰ ਹੋ ਗਈ। ਇਸ ਬਿਰਤਾਂਤ ਤੋਂ ਅਸੀਂ ਸਿੱਖ ਸਕਦੇ ਹਾਂ ਕਿ ਆਪਣੇ ਆਪ ਨੂੰ ਈਸ਼ੁਰੀ ਪ੍ਰਭਾਵ ਤੋਂ ਵੱਖਰਾ ਕਰ ਲੈਣਾ ਅਤੇ ਹੋਰ ਵਿਕਲਪਾਂ ਦੀ ਚੋਣ ਕਰ ਲੈਣਾ ਕਿੰਨਾ ਜੋਖਿਮ ਭਰਿਆ ਹੋ ਸਕਦਾ ਹੈ (1 ਕੁਰਿੰਥੀਆਂ 15:33)।

*ਬੁਰੀ ਸੰਗਤੀ ਚੰਗੇ ਚਰਿੱਤਰ ਨੂੰ ਵਿਗਾੜ ਦਿੰਦੀ ਹੈ।* ਕੋਈ ਵੀ ਵਿਅਕਤੀ ਦੂਜਿਆਂ ਦੇ ਪ੍ਰਭਾਵ ਤੋਂ ਬਚਿਆ ਨਹੀਂ ਰਹਿ ਸਕਦਾ। ਜਦ ਲੂਤ ਅਬਰਾਹਾਮ ਤੋਂ ਵੱਖਰਾ ਹੋਇਆ ਅਤੇ ਸਦੂਮ ਦੇ ਨੇੜੇ ਯਰਦਨ ਘਾਟੀ ਵਿੱਚ ਜਾ ਵੱਸਿਆ ਤਾਂ ਸ਼ਾਇਦ ਅਰੰਭ ਵਿੱਚ ਉਹ ਇਸੇ ਭੁਲੇਖੇ ਵਿੱਚ ਰਿਹਾ ਹੋਵੇਗਾ। ਬਾਅਦ ਵਿੱਚ ਪਤਰਸ ਨੇ ਉਸ ਨੂੰ ਇਸ ਭਾਵ ਵਿੱਚ "ਧਰਮੀ" ਆਖਿਆ ਕਿ ਉਸ ਨਗਰ ਦੇ ਵਿੱਚ ਵੱਸ ਜਾਣ ਦੇ ਬਾਵਜੂਦ ਵੀ ਉਸ ਨੇ ਉੱਥੇ ਦੇ ਲੋਕਾਂ ਵਰਗੇ ਕੰਮ ਨਹੀਂ ਕੀਤੇ। ਪਰ ਫਿਰ ਵੀ ਇਸ ਦੁਸ਼ਟਤਾ ਦੇ ਕਾਰਣ ਉਸ ਦੀ ਜਾਨ ਉੱਤੇ ਇੱਕ ਭਾਰ ਸੀ ਅਤੇ ਉਹ "ਦਿਨੋ ਦਿਨ . . . ਦੁਖੀ" ਹੁੰਦਾ ਸੀ (2 ਪਤਰਸ 2:7, 8)।

ਪਹਿਲੀ ਵਾਰ ਜਦ ਅਬਰਾਹਾਮ ਨੇ ਲੂਤ ਨੂੰ ਵੈਰੀਆਂ ਤੋਂ ਛੁਡਾਇਆ ਸੀ, ਤਾਂ ਉਸ ਵੇਲੇ ਉਹ ਜੰਗ ਵਿੱਚ ਫੜਿਆ ਗਿਆ ਕੈਦੀ ਸੀ ਅਤੇ ਬੰਦੀ ਬਣਾ ਕੇ ਲਿਜਾਇਆ ਜਾ ਰਿਹਾ ਸੀ (14:12, 16); ਤਾਂ ਵੀ ਉਹ ਵਾਪਿਸ ਸਦੂਮ ਚਲਿਆ ਗਿਆ। ਇਹੋ ਜਿਹੇ ਤਜਰਬੇ ਨੇ ਉਸ ਨੂੰ ਚਿਤਾਉਣੀ

ਦਿੱਤੀ ਹੋਵੇਗੀ ਕਿ ਉਸ ਦਾ ਜੀਵਨ ਪਰਮੇਸ਼ੁਰ ਦੀ ਇੱਛਾ ਦੇ ਅਨੁਸਾਰ ਸਹੀ ਨਹੀਂ ਹੈ; ਪਰ ਜੇਕਰ ਅਜਿਹੇ ਵਿਚਾਰ ਉਸ ਦੇ ਮਨ ਵਿੱਚ ਆਏ ਸਨ, ਤਾਂ ਵੀ ਉਸ ਨੇ ਉਨ੍ਹਾਂ ਨੂੰ ਨਹੀਂ ਸੁਣਿਆ। ਇਸ ਦੇ ਉਲਟ ਉਹ ਉਸ ਨਗਰ ਵਿੱਚ ਵਾਪਿਸ ਚਲਿਆ ਗਿਆ ਅਤੇ ਆਪਣੇ ਪਰਿਵਾਰ ਨੂੰ ਉਸ ਸਥਾਨ ਦੀ ਬੁਰਿਆਈ ਦੇ ਖਤਰੇ ਵਿੱਚ ਪਾ ਦਿੱਤਾ। ਸ਼ਾਇਦ ਉਸ ਨੇ ਇਹ ਮੰਨ ਲਿਆ ਹੋਵੇਗਾ ਕਿ ਉਸ ਉੱਤੇ ਅਤੇ ਉਸ ਦੇ ਪਰਿਵਾਰ ਉੱਤੇ ਇਸ ਦਾ ਮਾੜਾ ਅਸਰ ਨਹੀਂ ਪਵੇਗਾ, ਪਰ ਉਨ੍ਹਾਂ ਉੱਤੇ ਇਸ ਦਾ ਅਸਰ ਪੈ ਚੁੱਕਾ ਸੀ।

ਸਾਨੂੰ ਸਾਵਧਾਨ ਹੋਣਾ ਚਾਹੀਦਾ ਹੈ ਕਿ ਅਸੀਂ ਕਿੱਥੇ ਰਹਿੰਦੇ ਹਾਂ ਅਤੇ ਕਿੱਥੇ ਕੰਮ ਕਰਦੇ ਹਾਂ ਅਤੇ ਕਿੰਨਾ ਦੇ ਨਾਲ ਗੂੜ੍ਹੇ ਸੰਬੰਧ ਵਿਕਸਿਤ ਕਰਦੇ ਹਾਂ। ਜਿਵੇਂ ਯਾਕੂਬ ਨੇ ਆਖਿਆ, "ਸੰਸਾਰ ਦਾ ਮਿੱਤਰਚਾਰਾ ਪਰਮੇਸ਼ੁਰ ਦਾ ਵੈਰ ਹੈ" (ਯਾਕੂਬ 4:4)। ਸਾਨੂੰ ਇਸ ਬਾਰੇ ਵੀ ਸਾਵਧਾਨ ਰਹਿਣਾ ਚਾਹੀਦਾ ਹੈ ਕਿ ਸਾਡੇ ਬੱਚੇ ਕਿਸ ਤਰ੍ਹਾਂ ਦੇ ਮਿੱਤਰ ਬਣਾਉਂਦੇ ਹਨ। ਜਵਾਨ ਲੜਕੇ-ਲੜਕੀਆਂ ਸੁਭਾਵਕ ਤੌਰ ’ਤੇ ਹੀ ਚਾਹੁੰਦੇ ਹਨ ਕਿ ਲੋਕ ਉਨ੍ਹਾਂ ਨੂੰ ਪਸੰਦ ਕਰਨ ਅਤੇ ਉਨ੍ਹਾਂ ਨੂੰ ਸਵੀਕਾਰ ਕਰਨ ਅਤੇ ਉਨ੍ਹਾਂ ਉੱਤੇ ਹਮੇਸ਼ਾ ਇਹ ਦਬਾਉ ਬਣਿਆ ਰਹਿੰਦਾ ਹੈ ਕਿ ਉਹ "ਇਸ ਜੱਗ ਦੇ ਰੂਪ ਜੇਹੇ" ਬਣ ਜਾਣ (ਰੋਮੀਆਂ 12:2)। ਇਹ ਕਿਸੇ ਦੇ ਲਈ ਵੀ ਕਦੇ ਵੀ ਸੌਖਾ ਨਹੀਂ ਹੁੰਦਾ, ਖਾਸ ਕਰਕੇ ਬੱਚਿਆਂ ਦੇ ਲਈ, ਕਿ ਉਹ ਆਪਣੇ ਮਿੱਤਰਾਂ ਵੱਲੋਂ ਆਉਣ ਵਾਲੇ ਦਬਾਉ ਦਾ ਵਿਰੋਧ ਕਰਨ।

ਅਸੀਂ ਇਸ ਸੰਸਾਰ ਤੋਂ ਬਾਹਰ ਨਹੀਂ ਜਾ ਸਕਦੇ; ਸਾਡੇ ਲਈ ਚੁਣੌਤੀ ਇਹ ਹੈ ਕਿ ਅਸੀਂ ਇਸੇ ਸੰਸਾਰ ਵਿੱਚ ਰਹੀਏ ਪਰ ਇਸ ਸੰਸਾਰ ਦੇ ਨਾ ਬਣੀਏ (ਯੂਹੰਨਾ 17:14-18)। ਯਿਸੂ ਸਾਡੀ ਮਿਸਾਲ ਹੈ ਕਿ ਇਸ ਸੰਸਾਰ ਦੇ ਪ੍ਰਭਾਵ ਹੇਠ ਆਏ ਬਿਨਾ ਇਸ ਨੂੰ ਕਿਵੇਂ ਬਦਲਿਆ ਜਾ ਸਕਦਾ ਹੈ। ਜ਼ਿਆਦਾਤਰ ਲੋਕ ਆਪਣੇ ਆਪ ਵਿੱਚ ਐਨੇ ਤਕੜੇ ਨਹੀਂ ਹੁੰਦੇ ਕਿ ਇਕੱਲੇ ਇਸ ਸੰਸਾਰ ਦੇ ਦਬਾਉ ਦਾ ਵਿਰੋਧ ਕਰ ਸਕਣ। ਬੁੱਧਵਾਨ ਉਪਦੇਸ਼ਕ ਨੇ ਆਖਿਆ, "ਇੱਕ ਨਾਲੋਂ ਦੋ ਚੰਗੇ ਹਨ . . . ਕਿਉਂਕਿ ਜੇ ਉਹ ਡਿੱਗ ਪੈਣ ਤਾਂ ਇੱਕ ਜਣਾ ਦੂਜੇ ਨੂੰ ਚੁੱਕੇਗਾ" (ਉਪਦੇਸ਼ਕ 4:9, 10)। ਫਿਰ ਉਸ ਨੇ ਆਖਿਆ, "ਅਤੇ ਜੇ ਕੋਈ ਇੱਕ ਉੱਤੇ ਪਰਬਲ ਪੈ ਜਾਵੇ ਤਾਂ ਓਹ ਦੋਵੇਂ ਉਹ ਦੇ ਨਾਲ ਮੱਥਾ ਲਾ ਸੱਕਦੇ ਹਨ" (ਉਪਦੇਸ਼ਕ 4:12)। ਇਨ੍ਹਾਂ ਆਇਤਾਂ ਦਾ ਵਿਸ਼ਾ ਸਰੀਰਕ ਬਲ ਅਤੇ ਸਹਾਰਾ ਹੈ ਜਿਹੜਾ ਡਿੱਗੇ ਹੋਏ ਸਾਥੀ ਨੂੰ ਲਾਭ ਦੇ ਸਕਦਾ ਹੈ, ਪਰ ਇਹੋ ਸਿਧਾਂਤ ਉਸ ਮਿੱਤਰ ਉੱਤੇ ਵੀ ਲਾਗੂ ਹੋ ਸਕਦਾ ਹੈ ਜਿਹਰਾ ਨੈਤਿਕ ਅਤੇ ਆਤਮਕ ਬਲ ਪ੍ਰਦਾਨ ਕਰਦਾ ਹੈ ਕਿ ਉਸ ਦਾ ਸਾਥੀ ਅਪਰਵਾਨਗੀ ਅਤੇ ਸਤਾਉ ਦੇ ਵੇਲੇ ਆਉਣ ਵਾਲੀਆਂ ਧਮਕੀਆਂ ਅਤੇ ਪ੍ਰੀਖਿਆਵਾਂ ਦਾ ਸਾਹਮਣਾ ਕਰ ਸਕੇ। ਇਸੇ ਕਰਕੇ ਪ੍ਰਭੂ ਨੇ ਆਪਣੇ ਚੇਲਿਆਂ ਨੂੰ ਦੋ-ਦੋ ਕਰਕੇ ਘੱਲਿਆ (ਮਰਕੁਸ 6:7) ਅਤੇ ਸ਼ਾਇਦ ਇਸੇ ਕਰਕੇ ਅਬਰਾਹਾਮ ਦੀ ਸੰਗਤੀ ਤੋਂ ਵੱਖਰਾ ਹੋ ਜਾਣ ਅਤੇ ਸਦੂਮ ਦੀ ਸਰਹੱਦ ਵਿੱਚ ਵੱਸ ਜਾਣ ਤੋਂ ਬਾਅਦ ਲੂਤ ਦੇ ਆਤਮਕ ਜੀਵਨ ਦਾ ਪਤਨ ਹੁੰਦਾ ਚਲਿਆ ਗਿਆ।

*ਬੁਰੀ ਸੰਗਤ ਉਸ ਬਾਰੇ ਸਾਡੀਆਂ ਪ੍ਰਾਥਮਿਕਤਾਵਾਂ ਨੂੰ ਹਟਾ ਦਿੰਦੀ ਹੈ ਜੋ ਜੀਵਨ ਵਿੱਚ ਸੱਚਮੁੱਚ ਮਹੱਤਵਪੂਰਣ ਹੁੰਦਾ ਹੈ*। ਇਸ ਦੇ ਕਾਰਣ ਵਿਅਕਤੀ ਆਪਣੇ ਆਪ – ਉਸ ਦੀਆਂ ਖੁਸ਼ੀਆਂ, ਜਰੂਰਤਾਂ, ਪ੍ਰਾਪਤੀਆਂ ਅਤੇ ਸੰਪਤੀਆਂ – ਤੇ ਕੇਂਦਰਿਤ ਰਹਿੰਦਾ ਹੈ। ਲੂਤ ਵਿੱਚ ਇੰਨੀ ਨਿਹਚਾ ਨਹੀਂ ਸੀ ਕਿ ਉਹ ਆਪਣੇ ਜੀਵਨ ਵਿੱਚ ਪਰਮੇਸ਼ੁਰ ਨੂੰ ਪਹਿਲੇ ਸਥਾਨ ਤੇ ਰੱਖਦਾ ਅਤੇ ਉਸ ਸਰੀਰਕ ਅਤੇ ਆਤਮਿਕ ਖ਼ਤਰਿਆਂ ਨੂੰ ਪਛਾਣਦਾ ਜੋ ਸਦੂਮ ਆਪਣੇ ਆਪ, ਉਸ ਦੇ ਪਰਿਵਾਰ, ਉਸ ਦੇ ਆਜੜੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਲਈ ਲਿਆਉਣ ਵਾਲਾ ਸੀ।

ਅਸੀਂ ਲੂਤ ਦੇ ਸ਼ੁਰੂਆਤੀ ਜੀਵਨ ਬਾਰੇ ਬਹੁਤ ਹੀ ਘੱਟ ਜਾਣਦੇ ਹਾਂ। ਉਸ ਦਾ ਪਰਿਵਾਰ

ਮੂਰਤੀਪੂਜਾ ਕਰਦਾ ਸੀ ਜਦੋਂ ਪਰਮੇਸ਼ੁਰ ਨੇ ਅਬਰਾਹਾਮ ਨੂੰ ਸੱਦਿਆ (ਯਹੋਸ਼ੁਆ 24:2) ਅਤੇ ਹਾਰਾਨ, ਉਸ ਦਾ ਪਿਤਾ, ਉਸ ਦੇ ਊਰ ਨੂੰ ਛੱਡ ਕੇ ਕਨਾਨ ਦੇਸ ਨੂੰ ਜਾਣ ਤੋਂ ਪਹਿਲਾਂ ਹੀ ਮਰ ਗਿਆ ਸੀ (11:28, 31)। ਕੋਈ ਵੀ ਹਵਾਲਾ ਇਹ ਨਹੀਂ ਦੱਸਦਾ ਕਿ ਉਸ ਦੇ ਦਾਦੇ ਤਾਰਹ ਜਾਂ ਉਸ ਦੇ ਅੰਕਲ ਨਾਹੋਰ ਨੇ ਇੱਕੋ ਸੱਚੇ ਪਰਮੇਸ਼ੁਰ ਵਿੱਚ ਵਿਸ਼ਵਾਸ ਕੀਤਾ ਸੀ। ਅਸਲ ਵਿੱਚ, ਕੋਈ ਮੂਲ ਲਿਖਤ ਨਹੀਂ ਕਹਿੰਦੀ ਕਿ ਲੂਤ ਇੱਕ ਵਿਸ਼ਵਾਸੀ ਸੀ, ਹਾਲਾਂਕਿ ਇਸ ਦਾ ਅਰਥ ਇਹ ਨਿੱਕਲਦਾ ਹੈ ਕਿ ਉਸ ਨੂੰ ਥੋੜ੍ਹੀ ਬਹੁਤ ਨਿਹਚਾ ਸੀ, ਜੋ ਪਰਤੱਖ ਰੂਪ ਵਿੱਚ ਉਸ ਨੂੰ ਉਸ ਦੇ ਚਾਚੇ ਅਬਰਾਹਾਮ ਤੋਂ ਮਿਲੀ ਸੀ। ਅਸੀਂ ਕਿਤੇ ਵੀ ਉਸ ਦੇ ਬਾਰੇ ਇਹ ਨਹੀਂ ਪੜ੍ਹਦੇ ਕਿ ਅਬਰਾਹਮ ਦੇ ਵਾਂਗ ਉਸ ਨੇ ਕੋਈ ਜਗਵੇਦੀ ਬਣਾਈ ਹੋਵੇ, ਪ੍ਰਾਰਥਨਾ ਕੀਤੀ ਹੋਵੇ ਜਾਂ ਬੰਦਗੀ ਕੀਤੀ ਹੋਵੇ। ਸਦੂਮੀਆਂ ਦੀਆਂ ਦੁਸ਼ਟ ਜੀਵਨ-ਸ਼ੈਲੀਆਂ ਦੀ ਤੁਲਨਾ ਵਿੱਚ ਜਿਨ੍ਹਾਂ ਨੇ ਉਸ ਦੀ ਜਾਨ ਨੂੰ "ਦੁਖੀ ਕੀਤਾ ਸੀ" ਉਸ ਦਾ ਸਿਰਫ ਇੱਕ "ਧਰਮੀ ਜਾਨ" ਵਜੋਂ ਵਰਣਨ ਕੀਤਾ ਗਿਆ ਹੈ (2 ਪਤਰਸ 2:7, 8)।

ਮੂਲ ਲਿਖਤ ਕਦੇ ਇਹ ਨਹੀਂ ਕਹਿੰਦੀ ਕਿ ਲੂਤ ਨੇ ਆਪਣੀਆਂ ਭਰਪੂਰ ਬਰਕਤਾਂ ਦੇ ਲਈ ਪਰਮੇਸ਼ੁਰ ਦਾ ਧੰਨਵਾਦ ਕੀਤਾ, ਨਾ ਹੀ ਉਹ ਉਸ ਸਮੇਂ ਧੰਨਵਾਦੀ ਸੀ ਜਦੋਂ ਸੁਰਗਦੂਤਾਂ ਨੇ ਉਸ ਨੂੰ ਆਉਣ ਵਾਲੇ ਨਾਸ ਦੇ ਬਾਰੇ ਚਿਤਾਵਨੀ ਦਿੱਤੀ ਸੀ। ਦਰਅਸਲ, ਉਸ ਨੇ ਉਸ ਨੂੰ ਅਤੇ ਉਸ ਦੇ ਪਰਿਵਾਰ ਨੂੰ ਬਚਾਉਣ ਦੇ ਲਈ ਸੁਰਗਦੂਤਾਂ ਦੀਆਂ ਕੋਸ਼ਿਸ਼ਾਂ ਦਾ ਵਿਰੋਧ ਕੀਤਾ ਸੀ। ਪਹਾੜਾਂ ਵੱਲ ਨੂੰ ਭੱਜਣ ਦੀ ਬਜਾਇ ਜਿਵੇਂ ਸੁਰਗਦੂਤਾਂ ਨੇ ਉਸ ਨੂੰ ਨਿਰੇਦਸ਼ ਦਿੱਤਾ ਸੀ, ਉਸ ਨੇ ਉਨ੍ਹਾਂ ਨਾਲ ਬਹਿਸ ਕੀਤੀ ਅਤੇ ਇਹ ਮਿੰਨਤ ਕੀਤੀ ਕਿ ਸਾਨੂੰ ਸੋਆਰ ਦੇ ਨਗਰ ਤੱਕ ਭੱਜ ਕੇ ਜਾ ਲੈਣ ਦਿਓ। ਸਦੂਮ ਦੀ ਪਕੜ ਉਸ ਤੇ ਇੰਨੀ ਜ਼ਿਆਦਾ ਮਜ਼ਬੂਤ ਸੀ ਕਿ ਸੁਰਗਦੂਤਾਂ ਨੂੰ ਲੂਤ ਨੂੰ ਧੂਹ ਕੇ ਸਦੂਮ ਵਿੱਚੋਂ ਬਾਹਰ ਲੈ ਕੇ ਜਾਣਾ ਪਿਆ ਸੀ। ਹਾਲਾਂਕਿ ਉਸ ਨੇ ਆਪਣੇ ਜਵਾਈਆਂ ਨੂੰ ਚਿਤਾਵਨੀ ਦਿੱਤੀ ਸੀ, ਸਪੱਸ਼ਟ ਤੌਰ ਤੇ ਉਸ ਨੇ ਆਪਣੀਆਂ ਆਜੜੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਚਿਤਾਵਨੀ ਦੇਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ। ਉਸ ਦੀਆਂ ਪ੍ਰਾਥਮਿਕਤਾਵਾਂ ਬਦਲ ਗਈਆਂ ਸਨ ਅਤੇ ਉਹ ਸਦੂਮ ਦੇ ਬੁਰੇ ਸ਼ਹਿਰ ਤੋਂ ਇਲਾਵਾ ਹੋਰ ਕਿਤੇ ਜੀਵਨ ਬਾਰੇ ਨਹੀਂ ਸੀ ਸੋਚ ਸਕਦਾ। ਜਦੋਂ ਯਿਸੂ ਨੇ ਧਰਤੀ ਉੱਤੇ ਯਰੂਸ਼ਲਮ ਦੀ ਬਰਬਾਦੀ ਨੂੰ ਵੇਖਿਆ (ਵੇਖੋ ਮੱਤੀ 24:2, 16-21), ਉਸ ਨੇ ਲੋਕਾਂ ਨੂੰ ਇਹ ਕਹਿੰਦੇ ਹੋਏ ਕਿ "ਲੂਤ ਦੀ ਤੀਵੀਂ ਨੂੰ ਚੇਤੇ ਰੱਖੋ" (ਲੂਕਾ 17:32) ਪਿੱਛੇ ਮੁੜ ਕੇ ਘਰਾਂ ਅਤੇ ਸੰਪਤੀਆਂ ਵੱਲ ਵੇਖਣ ਦੇ ਬਾਰੇ ਚਿਤਾਵਨੀ ਦਿੱਤੀ।

*ਬੁਰੀ ਸੰਗਤ ਇੱਕ ਵਿਅਕਤੀ ਦੇ ਉਸ ਦੇ ਮਿੱਤਰਾਂ, ਪਰਿਵਾਰ ਅਤੇ ਸਾਥੀਆਂ ਤੇ ਉਸ ਦੇ ਪ੍ਰਭਾਵ ਨੂੰ ਸਦਾ ਦੇ ਲਈ ਨਾਸ ਕਰ ਸਕਦੀ ਹੈ।* ਲੂਤ ਕੁਝ ਸਮੇਂ ਦੇ ਲਈ ਸਪੱਸ਼ਟ ਤੌਰ ਤੇ ਸਦੂਮੀਆਂ ਦੀਆਂ ਬੁਰੀਆਂ ਰੀਤਾਂ ਦੇ ਵਿਰੁੱਧ ਬੋਲੇ ਬਿਨਾਂ ਇਸ ਬੁਰੇ ਵਾਤਾਵਰਣ ਵਿੱਚ ਹੀ ਰਿਹਾ। ਭਲਾਈ ਕਰਨ ਦੇ ਲਈ ਉਸ ਦਾ ਕਮਜ਼ੋਰ ਪ੍ਰਭਾਵ ਬਿਲਕੁਲ ਪ੍ਰਭਾਵਹੀਣ ਸੀ ਜਦੋਂ ਉਸ ਨੇ ਵਹਿਸ਼ੀ ਆਦਮੀਆਂ ਨੂੰ ਉਨ੍ਹਾਂ ਮਨੁੱਖਾਂ ਦਾ ਮਿਲ ਕੇ ਬਲਾਤਕਾਰ ਕਰਨ ਤੋਂ ਰੋਕਣ ਦੀ ਕੋਸ਼ਿਸ਼ ਕੀਤੀ ਜਿਹੜੇ ਸ਼ਰਨ ਲੈਣ ਦੇ ਲਈ ਉਸ ਦੀ ਛੱਤ ਹੇਠ ਆਏ ਸਨ (19:8)। ਉਸ ਨੇ ਉਨ੍ਹਾਂ ਨੂੰ ਬਹੁਤ ਹੀ ਹੈਰਾਨ ਕਰ ਦੇਣ ਵਾਲਾ ਸੁਝਾਅ ਦਿੱਤਾ ਕਿ ਉਨ੍ਹਾਂ ਦੇ ਲਈ ਚੰਗਾ ਹੋਵੇਗਾ ਕਿ ਉਹ ਉਨ੍ਹਾਂ ਦੇ ਸ਼ਹਿਰ ਵਿੱਚ ਆਏ ਇਨ੍ਹਾਂ ਪ੍ਰਾਹੁਣਿਆਂ ਦੀ ਬਜਾਇ ਉਸ ਦੀਆਂ ਦੋ ਕੁਆਰੀਆਂ ਧੀਆਂ ਨਾਲ ਸੰਭੋਗ ਕਰਕੇ ਆਪਣੀ ਹਵਸ ਨੂੰ ਮਿਟਾ ਲੈਣ। ਭਲਾ ਅਤੇ ਭਲਾਈ ਕਰਨ ਦੇ ਲਈ ਖੜ੍ਹਾ ਹੋਣ ਦੀ ਬਜਾਇ, ਲੂਤ ਨੇ ਉਸ ਦਾ ਸੁਝਾਅ ਦਿੱਤਾ ਜੋ ਉਸ ਨੇ ਪਰਤੱਖ ਰੂਪ ਵਿੱਚ ਸੋਚਿਆ ਕਿ ਦੋਵਾਂ ਬੁਰਾਈਆਂ ਤੋਂ ਘੱਟ ਸੀ: ਉਸ ਨੇ ਆਪਣੀਆਂ ਲਾਚਾਰ ਧੀਆਂ ਨੂੰ ਇਨ੍ਹਾਂ ਭੈੜੇ ਮਨੁੱਖਾਂ ਦੇ ਹੱਥ ਵਿੱਚ ਦੇ ਦਿੱਤਾ। ਇਹ ਇਸ ਗੱਲ ਦਾ ਉਦਾਹਰਣ ਹੈ ਕਿ ਉਸ ਨੇ ਇਨ੍ਹਾਂ ਬੁਰੀਆਂ ਰੀਤਾਂ ਦੇ ਨੇੜੇ

ਰਹਿਣ ਦੁਆਰਾ ਆਪਣੀ ਧਾਰਮਿਕਤਾ ਨਾਲ ਕਿਸ ਹੱਦ ਤੱਕ ਸਮਝੌਤਾ ਕੀਤਾ ਸੀ। ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਉਹ ਆਪਣਾ ਨੈਤਿਕ ਦਿਸ਼ਾ-ਸੂਚਕ ਜੰਤਰ ਗੁਆ ਚੁੱਕਾ ਸੀ ਅਤੇ ਸਦੂਮੀਆਂ ਤੋਂ ਡਰ ਦੇ ਮਾਰੇ ਇੱਕ "ਗੁੱਝਾ" ਚੇਲਾ ਬਣਨ ਦੀ ਕੋਸ਼ਿਸ਼ ਕਰ ਰਿਹਾ ਸੀ (ਯੂਹੰਨਾ 19:38)। ਓਪਰੇ ਦਿਓਤਿਆਂ ਦੇ ਹਨੇਰੇ ਵਾਲੇ ਸ਼ਹਿਰ ਦੇ ਲਈ ਚਾਨਣ ਬਣਨ ਦੀ ਬਜਾਇ, ਉਸ ਨੇ ਪਰਤੱਖ ਰੂਪ ਵਿੱਚ ਆਪਣੇ ਚਾਨਣ ਨੂੰ "ਟੋਪੇ ਦੇ ਹੇਠ" (ਮੱਤੀ 5:15) ਰੱਖ ਦਿੱਤਾ ਤਾਂ ਜੋ ਇਹ ਉਨ੍ਹਾਂ ਲੋਕਾਂ ਦੁਆਰਾ ਨਾ ਦੇਖਿਆ ਜਾਵੇ ਜਿਨ੍ਹਾਂ ਨੂੰ ਇਸ ਦੀ ਬਹੁਤ ਜ਼ਿਆਦਾ ਲੋੜ ਸੀ।

ਕੋਈ ਵੀ ਵਿਅਕਤੀ ਇਸ ਦੀ ਸਿਰਫ ਕਲਪਨਾ ਹੀ ਕਰ ਸਕਦਾ ਹੈ ਕਿ ਉਸ ਦੀਆਂ ਧੀਆਂ ਨੂੰ ਕਿਸ ਤਰ੍ਹਾਂ ਦਾ ਲੱਗਾ ਹੋਵੇਗਾ ਜਦੋਂ ਉਨ੍ਹਾਂ ਦੇ ਪਿਤਾ ਨੇ ਹਵਸ ਭਰੀ ਭੀੜ ਨੂੰ ਅਜਿਹਾ ਸੁਝਾਅ ਦਿੱਤਾ ਹੋਵੇਗਾ। ਉਨ੍ਹਾਂ ਦੀ ਨਜ਼ਰ ਵਿੱਚ ਉਸ ਨੇ ਅਤੇ ਉਸ ਦੇ ਪਰਮੇਸ਼ੁਰ ਨੇ ਆਪਣਾ ਆਦਰ ਗੁਆ ਦਿੱਤਾ ਹੋਵੇਗਾ – ਜੇਕਰ ਉਸ ਨੇ ਉਨ੍ਹਾਂ ਨੂੰ ਯਹੋਵਾਹ, ਅਬਰਾਹਾਮ ਦੇ ਪਰਮੇਸ਼ੁਰ ਬਾਰੇ ਸਿਖਾਇਆ ਵੀ ਹੋਵੇਗਾ। ਅਜਿਹੀ ਦੁਰਵਰਤੋਂ ਤੋਂ ਉਨ੍ਹਾਂ ਨੂੰ ਬਚਾ ਕੇ ਰੱਖਣ ਦੀ ਬਜਾਇ, ਉਨ੍ਹਾਂ ਨੂੰ ਇਨ੍ਹਾਂ ਬੁਰੇ ਮਨੁੱਖਾਂ ਦੇ ਹੱਥਾਂ ਵਿੱਚ ਸੌਂਪਣ ਦੁਆਰਾ, ਉਨ੍ਹਾਂ ਨੇ ਇਹ ਸਿੱਟਾ ਕੱਢਿਆ ਹੋਵੇਗਾ ਕਿ ਉਨ੍ਹਾਂ ਦਾ ਪਿਤਾ ਉਨ੍ਹਾਂ ਨੂੰ ਪਿਆਰ ਕਰਨ ਦੀ ਬਜਾਇ ਇਸ ਬੇਸ਼ਰਮ ਭੀੜ ਦੀ ਪ੍ਰਵਾਨਗੀ ਨੂੰ ਜ਼ਿਆਦਾ ਪਸੰਦ ਕਰਦਾ ਸੀ (ਵੇਖੋ 1 ਯੂਹੰਨਾ 2:15, 16)। ਕੀ ਇਸ ਵਿੱਚ ਕੋਈ ਹੈਰਾਨਗੀ ਵਾਲੀ ਗੱਲ ਹੈ ਕਿ ਇਹ ਧੀਆਂ ਬਾਅਦ ਵਿੱਚ ਇਹ ਸਿੱਧ ਕਰਨ ਵਿੱਚ ਸਮਰੱਥ ਸਨ ਕਿ ਆਪਣੇ ਪਿਤਾ ਨਾਲ ਸੰਭੋਗ ਕਰਨਾ ਬੇਔਲਾਦ ਰਹਿਣ ਨਾਲੋਂ ਬਿਹਤਰ ਸੀ? ਉਨ੍ਹਾਂ ਨੇ ਫ਼ੈਸਲਾ ਕੀਤਾ ਹੋਵੇਗਾ ਕਿ ਇਹ ਉਸ ਨਾਲੋਂ ਘੱਟ ਅਪਮਾਨਜਨਕ ਸੀ ਜੋ ਉਨ੍ਹਾਂ ਦੇ ਪਿਤਾ ਨੇ ਸੰਭੋਗ ਕਰਨ ਵਾਲੀ ਪਾਗਲ ਭੀੜ ਨੂੰ ਉਨ੍ਹਾਂ ਦੇ ਨਾਲ ਕਰਨ ਦੀ ਇਜਾਜ਼ਤ ਦਿੱਤੀ ਸੀ।

ਉਨ੍ਹਾਂ ਮਨੁੱਖਾਂ ਦੇ ਲਈ ਜੋ ਉਸ ਦੇ ਘਰ ਵਿੱਚੋਂ ਬਾਹਰ ਸਨ, ਲੂਤ – ਇੱਕ ਪਰਦੇਸੀ – ਦਾ ਉਨ੍ਹਾਂ ਦੀਆਂ ਪਾਪ ਭਰੀਆਂ ਇੱਛਾਵਾਂ ਤੇ ਇੱਕ ਨਿਆਈਂ ਦੇ ਰੂਪ ਵਿੱਚ ਕੰਮ ਕਰਨਾ ਉਸ ਦੇ ਵਿਰੁੱਧ ਕਠੋਰ ਨਰਾਜ਼ਗੀ ਉਨ੍ਹਾਂ ਦਾ ਜਵਾਬ ਸੀ। ਉਨ੍ਹਾਂ ਨੇ ਉਨ੍ਹਾਂ ਦੇ ਸ਼ਹਿਰ ਵਿੱਚ ਆਉਣ ਵਾਲੇ ਇਨ੍ਹਾਂ ਦੋ ਸੁਰਗਦੂਤਾਂ ਨਾਲ ਜੋ ਕਰਨ ਦੀ ਯੋਜਨਾ ਬਣਾਈ ਸੀ ਉਸ ਨਾਲੋਂ ਵੱਧ ਕੇ ਲੂਤ ਨਾਲ ਬੁਰਾ ਵਿਹਾਰ ਕਰਨ ਦੀ ਉਸ ਨੂੰ ਧਮਕੀ ਦਿੱਤੀ ਸੀ (19:9)।

ਲੂਤ ਸੰਬੰਧੀ, ਸਾਨੂੰ ਇਹ ਪੁੱਛਣਾ ਚਾਹੀਦਾ ਹੈ, "ਉਸ ਨੇ ਯਰਦਨ ਦੀ ਵਾਦੀ ਵਿੱਚ ਹਰੇਕ ਚੀਜ਼ ਤੇ ਇਸ ਆਉਣ ਵਾਲੇ ਨਾਸ ਬਾਰੇ ਆਪਣੇ ਆਜੜੀਆਂ ਅਤੇ ਆਪਣੇ ਪਰਿਵਾਰਾਂ ਨੂੰ ਕਿਉਂ ਚਿਤਾਵਨੀ ਦੇਣ ਦੀ ਕੋਸ਼ਿਸ਼ ਨਹੀਂ ਸੀ ਕੀਤੀ, ਤਾਂ ਕਿ ਉਹ ਉਸ ਬਰਬਾਦੀ ਦੇ ਸ਼ਿਕਾਰ ਨਾ ਹੁੰਦੇ?" ਕੀ ਉਨ੍ਹਾਂ ਨੇ ਤਿਰਸਕਾਰ ਕਰਨ ਦੇ ਲਈ ਉਸ ਤੇ ਹੱਸਣਾ ਸੀ, ਜਿਵੇਂ ਉਸ ਦੇ ਜਵਾਈਆਂ ਨੇ ਕੀਤਾ ਸੀ, ਇਹ ਸੋਚਦੇ ਹੋਏ ਕਿ ਉਹ ਮਜਾਕ ਕਰ ਰਿਹਾ ਸੀ (19:14)? ਕੀ ਉਹ ਉਨ੍ਹਾਂ ਮਨੁੱਖਾਂ ਦੇ ਅੱਗੇ ਆਪਣੀ ਭਰੋਸੇਯੋਗਤਾ ਨੂੰ ਗੁਆ ਚੁੱਕਾ ਸੀ ਜਿਨ੍ਹਾਂ ਨੂੰ ਉਸ ਨੇ ਆਪਣੀਆਂ ਭੇਡਾਂ ਬੱਕਰੀਆਂ ਅਤੇ ਇੱਜੜ ਸੌਂਪੇ ਸਨ? ਮੂਲ ਲਿਖਤ ਇਨ੍ਹਾਂ ਸਵਾਲਾਂ ਦੇ ਉੱਤਰ ਨਹੀਂ ਦਿੰਦੀ; ਪਰ ਜੇਕਰ ਲੂਤ ਨੇ ਸੁਰਗਦੂਤਾਂ ਨਾਲ ਬਹਿਸ ਕਰਦਿਆਂ ਇੰਨਾ ਸਮਾਂ ਵਿਅਰਥ ਨਾ ਗੁਆਇਆ ਹੁੰਦਾ, ਤਾਂ ਉਸ ਦੇ ਕੋਲ ਇਸ ਖ਼ਤਰੇ ਬਾਰੇ ਆਪਣੇ ਭਰੋਸਮੰਦ ਨੌਕਰਾਂ ਨੂੰ ਚਿਤਾਵਨੀ ਦੇਣ ਦਾ ਸਮਾਂ ਹੋਣਾ ਸੀ।

ਸੰਸਾਰ ਨਾਲ ਮੋਹ (1 ਯੂਹੰਨਾ 2:15) ਦੀ ਪਕੜ ਲੂਤ, ਉਸ ਦੀ ਪਤਨੀ ਅਤੇ ਉਸ ਦੀਆਂ ਧੀਆਂ ਤੇ ਇੰਨੀ ਜ਼ਿਆਦਾ ਮਜ਼ਬੂਤ ਸੀ ਕਿ ਉਹ ਆਪਣੇ ਘਰ ਅਤੇ ਸੰਪਤੀ ਨੂੰ ਛੱਡ ਕੇ ਨਹੀਂ ਸੀ ਜਾਣਾ ਚਾਹੁੰਦੇ। ਸੁਰਗਦੂਤਾਂ ਨੂੰ ਉਨ੍ਹਾਂ ਦੇ ਹੱਥਾਂ ਨੂੰ ਫੜ ਕੇ ਸਦੂਮ ਵਿੱਚੋਂ ਬਾਹਰ ਲੈ ਕੇ ਜਾਣਾ ਪਿਆ ਸੀ (19:16)। ਲੂਤ ਅਤੇ ਉਸ ਦੇ ਪਰਿਵਾਰ ਨੇ ਸਦੂਮ ਵਿੱਚ ਆਪਣਾ ਧਨ ਇਕੱਠਾ ਕੀਤਾ ਸੀ

(ਵੇਖੋ ਮੱਤੀ 6:21, 24) ਅਤੇ ਜਦੋਂ ਉਹ ਜਾਂਦਾ ਰਿਹਾ ਤਾਂ ਵਿਚਾਰੇ ਉਹ ਲੋਕ ਪੂਰੀ ਤਰ੍ਹਾਂ ਟੁੱਟ ਗਏ।

*ਬੁਰੇ ਸਾਥੀਆਂ ਦੇ ਬੁਰਾਈ ਕਰਨ ਨੂੰ, ਜੇਕਰ ਨਾ ਰੋਕਿਆ ਜਾਵੇ ਤਾਂ ਇਹ ਬੁਰਾਈ ਪਰਮੇਸ਼ੁਰ ਦੇ ਨਿਆਂ ਵੱਲ ਲੈ ਜਾਂਦੀ ਹੈ।* ਕਿਉਂਕਿ "ਪਰਮੇਸ਼ੁਰ ਪ੍ਰੇਮ ਹੈ" (1 ਯੂਹੰਨਾ 4:8), ਉਸ ਦੀ ਪਹਿਲੀ ਇੱਛਾ ਹਮੇਸ਼ਾ ਪਾਪ ਵਿੱਚ ਡਿੱਗੇ ਹੋਏ ਸੰਸਾਰ ਨੂੰ ਪ੍ਰੇਮ ਕਰਨ ਅਤੇ ਛੁਡਾਉਣ ਦੀ ਹੁੰਦੀ ਹੈ (ਯੂਹੰਨਾ 3:16)। ਉਹ ਮਨੁੱਖਜਾਤੀ ਨਾਲ ਧੀਰਜ ਰੱਖਦਾ ਹੈ, ਇਹ ਆਸ ਕਰਦਾ ਹੋਇਆ ਕਿ ਲੋਕ ਉਸ ਦੀ ਵੱਲ ਮੁੜਨਗੇ ਅਤੇ ਬਚਾਏ ਜਾਣਗੇ (ਕੂਚ 34:6, 7)। ਫਿਰ ਵੀ, ਜਦੋਂ ਦਿਲ ਕਠੋਰ ਹੋ ਜਾਂਦੇ ਹਨ, ਮਨੁੱਖ ਦੇ ਪਾਪ ਦਾ ਪਿਆਲਾ ਭਰ ਜਾਂਦਾ ਹੈ ਅਤੇ ਪਰਮੇਸ਼ੁਰ ਹੁਣ ਤੋਂ ਅਗਾਂਹ ਪਸ਼ਚਾਤਾਪ ਨਾ ਕਰਨ ਵਾਲੇ ਦਿਲਾਂ ਨੂੰ ਬਰਦਾਸ਼ਤ ਨਹੀਂ ਕਰ ਸਕਦਾ, ਉਹ ਪਾਪ ਦੇ ਵਿਰੁੱਧ ਆਪਣੇ ਧਰਮੀ ਨਿਆਂ ਦੇ ਪਰਗਟਾਵੇ ਦੇ ਰੂਪ ਵਿੱਚ ਦੁਸ਼ਟ ਤੇ ਨਾਸ ਨੂੰ ਭੇਜਦਾ ਹੈ (18:20, 25)। 6 ਤੋਂ 8 ਅਧਿਆਵਾਂ ਵਿੱਚ ਉਸ ਨੇ ਇਹ ਨੂਹ ਦੇ ਸਮੇਂ ਵਿੱਚ ਕੀਤਾ ਸੀ ਅਤੇ 19:24, 25 ਵਿੱਚ ਸਦੂਮ ਅਤੇ ਅਮੂਰਾਹ ਦੀ ਅੱਗ ਵਿੱਚ ਉਸ ਨੇ ਇਹ ਫੇਰ ਕੀਤਾ ਸੀ।

ਦੁਸ਼ਟ ਸ਼ਹਿਰ ਜਿੱਥੇ ਲੂਤ ਨੇ ਆਪਣਾ ਘਰ ਬਣਾਇਆ ਸੀ ਯਿਸੂ ਦੀਆਂ ਸਿੱਖਿਆਵਾਂ ਦੇ ਇੱਕ ਉਦਾਹਰਣ ਦੇ ਰੂਪ ਵਿੱਚ ਕੰਮ ਕਰਦਾ ਹੈ। ਉਸ ਨੇ ਕਿਹਾ ਸੀ ਕਿ "ਜੇਕਰ ਇਹ ਕਰਾਮਾਤਾਂ" ਜੋ ਉਸ ਨੇ ਕਫ਼ਰਨਾਹੂਮ ਵਿੱਚ ਵਿਖਾਈਆਂ ਸਨ "ਸਦੂਮ ਵਿੱਚ ਵਿਖਾਈਆਂ ਜਾਂਦੀਆਂ ਤਾਂ ਉਹ ਅੱਜ ਤਾਈਂ ਬਣਿਆ ਰਹਿੰਦਾ"; ਇਸ ਲਈ ਉਸ ਨੇ ਕਿਹਾ, ". . . ਨਿਆਉਂ ਦੇ ਦਿਨ ਤੇਰੇ ਨਾਲੋਂ ਸਦੂਮ ਦੇਸ ਦਾ ਹਾਲ ਝੱਲਣ ਜੋਗ ਹੋਵੇਗਾ" (ਮੱਤੀ 11:23, 24)। ਲੂਤ ਦੇ ਦਿਨਾਂ ਵਿੱਚ, ਲੋਕ "ਖਾਂਦੇ ਪੀਂਦੇ, ਮੁੱਲ ਲੈਂਦੇ, ਵੇਚਦੇ, ਬੀਜਦੇ ਅਤੇ ਘਰ ਬਣਾਉਂਦੇ ਸਨ; ਪਰ ਜਿਸ ਦਿਨ ਲੂਤ ਸਦੂਮ ਤੋਂ ਨਿੱਕਲਿਆ ਅੱਗ ਅਤੇ ਗੰਧਕ ਅਕਾਸ਼ੋਂ ਬਰਸੀ ਅਤੇ ਸਭਨਾਂ ਦਾ ਨਾਸ ਕੀਤਾ।" ਯਿਸੂ ਨੇ ਕਿਹਾ, "ਇਸੇ ਤਰਾਂ ਉਸ ਦਿਨ ਵੀ ਹੋਵੇਗਾ ਜਾਂ ਮਨੁੱਖ ਦਾ ਪੁੱਤ੍ਰ ਪਰਗਟ ਹੋਵੇਗਾ" (ਲੂਕਾ 17:28-30)।

ਇੱਕ ਵਾਰ ਉਪਜਾਊ ਯਰਦਨ ਵਾਦੀ ਵਿੱਚ ਸ਼ਹਿਰਾਂ ਦਾ ਨਾਸ ਉਸ ਕਿਸਮ ਦੀ ਬੁਰਾਈ ਦੇ ਵਿਰੁੱਧ ਪਰਮੇਸ਼ੁਰ ਦੇ ਧਰਮੀ-ਨਿਆਂ ਦੀ ਇੱਕ ਖਾਮੋਸ਼ ਗਵਾਹੀ ਹੈ ਜੋ ਲੂਤ ਦੇ ਸਮੇਂ ਵਿੱਚ ਉੱਥੇ ਕੀਤੀ ਜਾਂਦੀ ਸੀ। ਇਹ ਘਟਨਾ ਦਾ ਲਿਖਤ ਪ੍ਰਮਾਣ ਉਨ੍ਹਾਂ ਦੇ ਲਈ ਇੱਕ ਪੂਰਵ ਸੂਚਨਾ ਅਤੇ ਇੱਕ ਚਿਤਾਵਨੀ ਦਾ ਕੰਮ ਕਰਦਾ ਹੈ ਜੋ ਇਹੋ ਜਿਹੇ ਕੰਮ ਕਰਦੇ ਹਨ: ਪਰਮੇਸ਼ੁਰ ਦਾ ਆਖ਼ਰੀ ਨਿਆਂ ਆ ਰਿਹਾ ਹੈ (ਰੋਮੀਆਂ 1:18-32; 2 ਪਤਰਸ 2:6-10; ਯਹੂਦਾਹ ਦੀ ਪੱਤ੍ਰੀ 7)। ਧਰਮੀ ਨੂੰ ਇਸ ਨਤੀਜੇ ਤੋਂ ਡਰਨ ਦੀ ਕੋਈ ਲੋੜ ਨਹੀਂ। ਉਸ ਦੇ ਆਪਣੇ ਲੋਕਾਂ ਦੇ ਪਰਮੇਸ਼ੁਰ ਦਾ ਸੰਦੇਸ਼ ਇਹ ਹੈ ਕਿ ਸੰਸਾਰ ਦੇ ਪਾਪਾਂ ਦੇ ਲਈ ਯਿਸੂ ਦੀ ਪ੍ਰਾਸਚਿੱਤ ਵਾਲੀ ਮੌਤ ਦੇ ਕਾਰਣ, ਉਹ ਉਨ੍ਹਾਂ ਲੋਕਾਂ ਨੂੰ ਬਚਾਵੇਗਾ ਜਿਹੜੇ ਉਸ ਤੇ ਭਰੋਸਾ ਕਰਨਗੇ ਅਤੇ ਆਪਣੇ ਜੀਵਨਾਂ ਵਿੱਚ ਉਸ ਦੀ ਮਹਿਮਾ ਕਰਨਗੇ (1 ਥੱਸਲੁਨੀਕੀਆਂ 5:1-11; 2 ਪਤਰਸ 2:7-9)। ਜੋ ਲੋਕ ਬਚਾਏ ਜਾਣਾ ਚਾਹੁੰਦੇ ਹਨ ਉਨ੍ਹਾਂ ਨੂੰ ਆਪਣੇ ਪਾਪਾਂ ਤੋਂ ਤੋਬਾ ਕਰਦੇ ਹੋਏ, ਯਿਸੂ ਦਾ ਪਰਮੇਸ਼ੁਰ ਦੇ ਰੱਬੀ ਪੁੱਤਰ ਵਜੋਂ ਇਕਰਾਰ ਕਰਦੇ ਹੋਏ ਅਤੇ ਪਾਪਾਂ ਦੀ ਮਾਫ਼ੀ ਦੇ ਲਈ ਉਸ ਦੇ ਵਿੱਚ ਬਪਤਿਸਮਾ ਲੈਂਦੇ ਹੋਏ, ਨਿਹਚਾ ਅਤੇ ਆਗਿਆਕਾਰੀ ਨਾਲ ਪਰਮੇਸ਼ੁਰ ਦੇ ਸੰਦੇਸ਼ ਦਾ ਜਵਾਬ ਦੇਣਾ ਚਾਹੀਦਾ ਹੈ (ਰਸੂਲਾਂ ਦੇ ਕਰਤੱਬ 2:38; ਰੋਮੀਆਂ 10:8-10)।

## ਟਿੱਪਣੀਆਂ

[1]ਵਾਧੂ ਹਵਾਲਿਆਂ ਦੇ ਲਈ, ਫਰਾਂਸਿਸ ਬਰਾਊਨ, ਐਸ. ਆਰ. ਡਰਾਈਵਰ ਅਤੇ ਚਾਰਲਸ ਬਰਿੱਗਸ ਦੀ ਪੁਸਤਕ ਏ *ਹਿਬਰਿਊ ਐਂਡ ਇੰਗਲਿਸ਼ ਲੈਕਸੀਕਨ ਆਫ਼ ਦਿ ਓਲਡ ਟੈਸਟਾਮੈਂਟ* (ਔਕਸਫੋਰਡ: ਕਲੈਰਨਡਨ ਪ੍ਰੈਸ, 1962), ਦਾ ਸਫ਼ਾ 1059 ਵੇਖੋ। [2]ਵਿਕਟਰ ਪੀ. ਹੈਮਿਲਟਨ, *ਦ ਬੁਕ ਆਫ਼ ਜੈਨੇਸਿਸ: ਚੈਪਟਰਸ 18–50*, ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦਿ ਓਲਡ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬਾਰਕਲੇਅ ਈਰਡਮੈਂਸ ਪਬਲਿਸ਼ਿੰਗ ਕੰਪਨੀ, 1995), 33, n. 25. [3]ਬਰਾਊਨ, ਡਰਾਈਵਰ ਅਤੇ ਬਰਿੱਗਸ, 394. [4]ਡਬਲਿਯੂ. ਚਟੋਰੋਫ ਦੀ ਪੁਸਤਕ *ਥੀਓਲੋਜੀਕਲ ਲੈਕਸੀਕਨ ਆਫ਼ ਦਿ ਓਲਡ ਟੈਸਟਾਮੈਂਟ,* ਅਨੁਵਾਦ ਮਾਰਕ ਬਿਡਲ, ਸੋਧ, ਅਰਨਸਟ ਜੈਨੀ ਅਤੇ ਕਲਾਉਸ ਵੈਸਟਰਮੈਨ (ਪੀਬੌਡੀ, ਮਾਸਾਚੂਸੈਟਸ: ਹੈਂਡਰਿਕਸਨ ਪਬਲਿਸ਼ਰਜ਼, 1997) ਵਿੱਚ ਸਫ਼ਾ 2:515 ਤੇ "ידע" ਹੈ। [5]ਹਾਰੋਲਡ ਜੀ. ਸਟਿਗਰਸ, "גּוּר," *TWOT*, 1:155 ਵਿੱਚ। [6]ਜੌਨ ਟੀ. ਵਿਲੀਜ, *ਜੈਨੇਸਿਸ*, ਦ ਲਿਵਿੰਗ ਵਰਡ ਕਮੈਂਟਰੀ (ਔਸਟਿਨ, ਟੈਕਸਾਸ: ਸਵੀਟ ਪਬਲਿਸ਼ਿੰਗ ਕੰਪਨੀ, 1979), 266. [7]ਕਾਰਲ ਚੁਲਟਜ਼, "עָוֹן," *TWOT*, 2:650 ਵਿੱਚ। [8]ਐਡਵਿਨ ਯਾਮਾਉਚੀ, "חֵן," *TWOT*, 1:302-3 ਵਿੱਚ। [9]ਬਰਾਊਨ, ਡਰਾਈਵਰ ਐਂਡ ਬਰਿੱਗਸ, 338. [10]ਅਬਰਾਹਾਮ ਦੀ ਕਹਾਣੀ ਵਿੱਚ ਕਈ ਘਟਨਾਵਾਂ ਇੱਕ ਸਮੇਂ ਦੇ ਸੰਦਰਭ ਨਾਲ ਪੇਸ਼ ਕੀਤੀਆਂ ਗਈਆਂ ਹਨ। ਇਨ੍ਹਾਂ ਦੀ ਸੂਚੀ ਦੇ ਲਈ, ਹੈਮਿਲਟਨ ਦਾ ਸਫ਼ਾ 42 ਵੇਖੋ।

[11]ਯਰਦਨ ਦੀ ਵਾਦੀ ਵੱਡੀ ਦਰਾਰ-ਵਾਦੀ ਦਾ ਹਿੱਸਾ ਹੈ, ਧਰਤੀ ਦੀ ਸਤਹ ਤੇ ਸਭ ਤੋਂ ਲੰਬਾ ਅਤੇ ਸਭ ਤੋਂ ਡੂੰਘਾ ਨਿਸ਼ਾਨ ਜਾਂ ਦਾਗ ਅਤੇ ਇਹ ਇੱਕ ਸਦੀ ਵਿੱਚ ਲਗਭਗ ਔਸਤਨ ਇੱਕ ਵੱਡੇ ਭੂਚਾਲ ਦਾ ਅਨੁਭਵ ਕਰਦਾ ਹੈ। (ਜੌਰਜ ਏ. ਟਰਨਰ ਦੀ ਪੁਸਤਕ *ਦਿ ਇੰਟਰਨੈਸ਼ਨਲ ਸਟੈਂਡਰਡ ਬਾਈਬਲ ਇਨਸਾਇਕਲੋਪੀਡੀਆ*, ਸੋਧ ਅਤੇ ਸੰਪਾਦਨ, ਸੰਪਾਦਕ ਜੀਓਫਰੀ ਡਬਲਿਯੂ. ਬਰੋਮਿਲੀ [ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬਾਰਕਲੇਅ ਈਰਡਮੈਂਸ ਪਬਲਿਸ਼ਿੰਗ ਕੰਪਨੀ, 1982] ਵਿੱਚ "ਭੂਚਾਲ" ਹੈ, 2:4.) [12]ਬਰੂਸ ਕੇ. ਵਾਲਟਕੇ, *ਜੈਨੇਸਿਸ: ਏ ਕਮੈਂਟਰੀ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਜ਼ੋਨਡੇਰਵਨ ਪਬਲਿਸ਼ਰਜ਼, 2001), 279. [13]ਡੈਰੇਕ ਕਿਡਨਰ, *ਜੈਨੇਸਿਸ: ਐਨ ਇੰਟਰੋਡਕਸ਼ਨ ਐਂਡ ਕਮੈਂਟਰੀ*, ਦ ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਊਨਰਸ ਗਰੋਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈਸ, 1967), 135. [4]ਸੁਲੇਮਾਨ ਦੀ ਬੁੱਧ 10:7 (NRSV)। [15]ਜੋਸੇਫਸ *ਐਂਟੀਕਿਉਟੀਜ਼* 1.11.4. [16]ਬਰਾਊਨ, ਡਰਾਈਵਰ ਅਤੇ ਬਰਿਗਸ, 461. [17]ਗੋਰਡੋਨ ਜੇ. ਵੈਨਹਮ, *ਜੈਨੇਸਿਸ 16-50*, ਵਰਡ ਬਿਬਲੀਕਲ ਕਮੈਂਟਰੀ, ਜਿਲਦ 2 (ਡਾਲਸ: ਵਰਡ ਬੁਕਸ, 1994), 62. [18]ਹੈਮਿਲਟਨ, 53, n. 12.